
Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 31 02/06/2025 www.samajweekly.com samajweekly @samajweekly samajweekly

# ਭਵਿੱਖ ’ਚ ਏਆਈ ਰਾਹੀਂ ਹੋਣਗੀਆਂ ਜੰਗਾਂ: ਜਨਰਲ ਚੌਹਾਨ

**ਸਿੰਗਾਪੁਰ।** ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ ਨੇ ਭਵਿੱਖ ’ਚ ਮਸਨੂਈ ਬੌਧਿਕਤਾ (ਏਆਈ) ਰਾਹੀਂ ਲੜੀਆਂ ਜਾਣ ਵਾਲੀਆਂ ਜੰਗਾਂ ’ਤੇ ਚਿੰਤਾ ਜ਼ਾਹਿਰ ਕੀਤੀ ਹੈ। ਇਥੇ ਆਈਆਈਐੱਸਐੱਸ ਸ਼ੰਗਰੀ-ਲਾ ਡਾਇਲਾਗ ਦੌਰਾਨ ਚੀਫ਼ ਆਫ਼ ਡਿਫੈਂਸ ਸਟਾਫ਼ ਰਾਊਂਡ ਟੇਬਲ ’ਚ ਹਿੱਸਾ ਲੈਂਦਿਆਂ ਜਨਰਲ ਚੌਹਾਨ ਨੇ ਉਭਰਦੇ ਭੂ-ਸਿਆਸੀ ਹਾਲਾਤ ਅਤੇ ਤੇਜ਼ੀ ਨਾਲ ਹੋ ਰਹੇ ਤਕਨੀਕੀ ਬਦਲਾਅ ਦਾ ਜ਼ਿਕਰ ਕੀਤਾ ਜੋ ਜੰਗ ਦੇ ਬਦਲ ਰਹੇ ਸੁਭਾਅ ਨਾਲ ਸਬੰਧਤ ਹਨ। ਉਨ੍ਹਾਂ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਤਕਨਾਲੋਜੀ ਨੇ ਗ਼ੈਰ-ਰਾਜਕੀ ਤੱਤਾਂ ਨੂੰ ਤਾਕਤਵਰ ਬਣਾ ਦਿੱਤਾ ਹੈ ਜਿਸ ਕਾਰਨ ਲੁਕਵੀਂ ਜੰਗ ਅਤੇ ਅਸਥਿਰਤਾ ਨੂੰ ਹੱਲਾਸ਼ੇਰੀ ਮਿਲੀ ਹੈ। ਸੰਵਾਦ ’ਚ ਆਸਟਰੇਲੀਆ, ਯੂਰਪੀ ਯੂਨੀਅਨ, ਫਰਾਂਸ, ਜਰਮਨੀ, ਇੰਡੋਨੇਸ਼ੀਆ, ਜਪਾਨ, ਨੈਦਰਲੈਂਡਜ਼, ਨਿਊਜ਼ੀਲੈਂਡ, ਫਿਲਪੀਨਜ਼, ਸਿੰਗਾਪੁਰ, ਯੂਕੇ ਅਤੇ ਅਮਰੀਕਾ ਸਮੇਤ ਹੋਰ ਮੁਲਕਾਂ ਦੇ ਰੱਖਿਆ ਆਗੂਆਂ ਨੇ ਹਿੱਸਾ ਲਿਆ। ਇਸ ਦੌਰਾਨ ਅਹਿਮ ਸੁਰੱਖਿਆ ਚੁਣੌਤੀਆਂ, ਉਭਰਦੇ ਰੁਝਾਨਾਂ ਅਤੇ ਨਿਵੇਕਲੇ ਹੱਲ ਕੱਢਣ ਬਾਰੇ ਚਰਚਾ ਕੀਤੀ ਗਈ। ਸੰਵਾਦ ਰਣਨੀਤਕ ਫ਼ੈਸਲੇ ਲੈਣ, ਸਥਿਰਤਾ ਕਾਇਮ ਕਰਨ ’ਚ ਸਹਿਯੋਗ ਦੇਣ ਅਤੇ ਰੱਖਿਆ ਖੇਤਰ ’ਚ ਸੁਰੱਖਿਆ ਚੁਣੌਤੀਆਂ ਦੇ ਹੱਲ ’ਤੇ ਕੇਂਦਰਿਤ ਰਿਹਾ। ਸੀਡੀਐੱਸ ਜਨਰਲ ਚੌਹਾਨ ਨੇ ਇਸ ਗੱਲ ’ਤੇ ਜ਼ੋਰ



ਦਿੱਤਾ ਕਿ ਭਵਿੱਖ ਦੀਆਂ ਜੰਗਾਂ ਚਾਰ ਰੁਝਾਨਾਂ ਦੇ ਆਲੇ-ਦੁਆਲੇ ਕੇਂਦਰਤ ਰਹਿਣਗੀਆਂ। ਉਨ੍ਹਾਂ ’ਚ ਸਾਰੇ ਖੇਤਰਾਂ ’ਚ ਸੈਂਸਰਾਂ ਦੇ ਪਾਸਾਰ, ਲੰਬੀ ਦੂਰੀ ਦੇ ਹਾਈਪਰਸੋਨਿਕ ਅਤੇ ਸਟੀਕ ਹਥਿਆਰ, ਖੁਦਮੁਖਤਿਆਰ ਪ੍ਰਣਾਲੀਆਂ ਨਾਲ ਮਾਨਵ ਅਤੇ ਮਨੁੱਖ ਰਹਿਤ ਟੀਮਾਂ ਅਤੇ ਏਆਈ ਤੇ ਕੁਆਂਟਮ ਤਕਨਾਲੋਜੀਆਂ ਸ਼ਾਮਲ ਹਨ। ਉਨ੍ਹਾਂ ਭਾਰਤ ਵੱਲੋਂ ਸਥਾਨਕ ਹਾਲਾਤ ਮੁਤਾਬਕ ਪ੍ਰਣਾਲੀਆਂ ਵਿਕਸਤ ਕਰਨ ਅਤੇ ਪ੍ਰਾਈਵੇਟ ਸਨਅਤਾਂ ਦੇ ਸਹਿਯੋਗ ਨਾਲ ਰੱਖਿਆ ਮੈਨੂਫੈਕਚਰਿੰਗ ਸਹਿਯੋਗ ਕਾਇਮ ਕਰਨ ਦਾ ਵੀ ਹਵਾਲਾ ਦਿੱਤਾ। ਜਨਰਲ ਚੌਹਾਨ ਨੇ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਚੱਲ ਰਹੇ ਬਦਲਾਅ ਦੇ ਸਿਧਾਂਤ, ਸੰਗਠਿਤ ਸਭਿਆਚਾਰ ਅਤੇ ਮਾਨਵੀ ਪੂੰਜੀ ਭਾਰਤ ਦੇ ਨਿਵੇਕਲੇ ਭੂਗੋਲ, ਤਜਰਬੇ ਅਤੇ ਖਾਹਿਸ਼ਾਂ ਰਾਹੀਂ ਉਸ ਦੇ ਰੱਖਿਆ ਨਜ਼ਰੀਏ ਨੂੰ ਆਕਾਰ ਦੇਣਗੇ। ਉਨ੍ਹਾਂ ਆਲਮੀ ਸ਼ਾਂਤੀ ਅਤੇ ਜ਼ਿੰਮੇਵਾਰੀ ਦੇ ਅਹਿਸਾਸ ਲਈ ਭਾਰਤ ਦੀ ਵਚਨਬੱਧਤਾ ਦੁਹਰਾਉਂਦਿਆਂ ਆਲਮੀ ਸਥਿਰਤਾ ਲਈ ਸੰਵਾਦ ਅਤੇ ਸਹਿਯੋਗ ਨੂੰ ਹੱਲਾਸ਼ੇਰੀ ਦੇਣ ਲਈ ਸ਼ੰਗਰੀ-ਲਾ ਡਾਇਲਾਗ ਦੀ ਸ਼ਲਾਘਾ ਕੀਤੀ।

# ਟਰੰਪ ਨੂੰ ਫਿਰ ਮਿਲੀ ਤਾਕਤ: 4 ਮੁਲਕਾਂ ਦੇ ਪੰਜ ਲੱਖ ਲੋਕ ਹੋਣਗੇ ਡਿਪੋਰਟ

**ਅਮਰੀਕਾ।** ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਸਰਕਾਰ ਦਾ ਰਸਤਾ ਸਾਫ਼ ਕਰ ਦਿਤਾ ਹੈ। ਫ਼ੈਡਰਲ ਡਿਸਟ੍ਰਿਕਟ ਕੋਰਟ ਨੇ ਉਹ ਹੁਕਮ ਹਟਾ ਦਿਤੇ ਹਨ ਜਿਸ ਤਹਿਤ ਕਿਊਬਾ, ਹੈਤੀ, ਨਿਕਾਰਾਗੁਆ ਅਤੇ ਵੇਨੇਜੁਏਲਾ ਦੇ ਚਾਰ ਮੁਲਕਾਂ ਦੇ ਪੰਜ ਲੱਖ ਤੋਂ ਵੱਧ ਪ੍ਰਵਾਸੀਆਂ ਲਈ ਮਾਨਵੀ ਪੈਰੋਲ ਸੁਰੱਖਿਆ ਨੂੰ ਬਰਕਰਾਰ ਰਖਿਆ ਗਿਆ ਸੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹੁਣ ਤਾਕਤ ਮਿਲ ਗਈ ਹੈ ਕਿ ਉਹ ਮਾਨਵੀ ਪੈਰੋਲ ਰੱਦ ਕਰ ਕੇ ਪੰਜ ਲੱਖ ਦੇ ਕਰੀਬ ਲੋਕਾਂ ਨੂੰ ਉਨ੍ਹਾਂ ਦੇ ਮੁਲਕ ਵਾਪਸ ਭੇਜ ਸਕਦੇ ਹਨ। ਇਹ ਫ਼ੈਸਲਾ ਇਸ ਲਈ ਵੀ ਅਹਿਮ ਹੈ ਕਿਉਂਕਿ ਟਰੰਪ ਨੇ ਸੱਤਾ ਵਿਚ ਆਉਂਦਿਆਂ ਹੀ ਦੋ ਜਹਾਜ਼ ਭਾਰਤ ਭੇਜੇ ਸਨ, ਜਿਹੜੇ ਉਥੇ ਗ਼ੈਰ-ਕਾਨੂੰਨੀ ਤੌਰ ’ਤੇ ਉਥੇ ਰਹਿ ਰਹੇ ਸਨ। ਇਸ ਕਾਰਵਾਈ ਨੇ ਖ਼ਾਸ ਤੌਰ ’ਤੇ



ਪੰਜਾਬੀਆਂ ਨੂੰ ਬਹੁਤ ਨਿਰਾਸ਼ ਕੀਤਾ ਸੀ ਤੇ ਇਸ ਦੀ ਵੱਡੇ ਪੱਧਰ ’ਤੇ ਆਲੋਚਨਾ ਹੋਈ ਸੀ। ਰਿਪੋਰਟ ਅਨੁਸਾਰ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਇਕ ਹੋਰ ਮਾਮਲੇ ਵਿਚ ਲਗਭਗ 350,000 ਵੇਨੇਜੁਏਲਾ ਦੇ ਪ੍ਰਵਾਸੀਆਂ ਲਈ ਅਸਥਾਈ ਕਾਨੂੰਨੀ ਸਥਿਤੀ ਰੱਦ ਕਰਨ ਦੀ ਵੀ ਆਗਿਆ ਦਿਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸ ਕਦਮ ਨੇ ਟਰੰਪ ਪ੍ਰਸ਼ਾਸਨ ਲਈ ਹਜ਼ਾਰਾਂ ਪ੍ਰਵਾਸੀਆਂ ਲਈ ਅਸਥਾਈ ਕਾਨੂੰਨੀ ਸੁਰੱਖਿਆ ਨੂੰ ਫ਼ਿਲਹਾਲ ਖ਼ਤਮ ਕਰਨ ਦਾ ਰਸਤਾ ਸਾਫ਼ ਕਰ ਦਿਤਾ ਹੈ ਅਤੇ ਡਿਪੋਰਟ ਦੇ ਘੇਰੇ ਵਿਚ ਆਉਣ ਵਾਲੇ ਲੋਕਾਂ ਦੀ ਕੁਲ ਗਿਣਤੀ ਨੂੰ ਲਗਭਗ ਦਸ ਲੱਖ ਤਕ ਪਹੁੰਚਾ ਦਿਤਾ ਹੈ।

# ਜੈਚੰਦ ਜਿਹੇ ਲਾਲਚੀ ਲੋਕ ਮੇਰੇ ਨਾਲ ਸਿਆਸਤ ਖੇਡ ਰਹੇ: ਤੇਜ ਪ੍ਰਤਾਪ ਯਾਦਵ

**ਪਟਨਾ।** ਰਾਸ਼ਟਰੀ ਜਨਤਾ ਦਲ ਮੁਖੀ ਲਾਲੂ ਪ੍ਰਸਾਦ ਯਾਦਵ ਦੇ ਵੱਡੇ ਪੁੱਤਰ ਤੇਜ਼ ਪ੍ਰਤਾਪ ਯਾਦਵ ਨੇ ਅੱਜ ਸਵੇਰੇ ਇਕ ਭਾਵੁਕ ਪੋਸਟ ਵਿਚ ਖ਼ੁਦ ਨੂੰ ਸਿਆਸੀ ਸਾਜ਼ਿਸ਼ਾਂ ਦਾ ਸ਼ਿਕਾਰ ਦੱਸਿਆ ਹੈ। ਉਨ੍ਹਾਂ ਇਸ਼ਾਰਿਆਂ ਵਿਚ ਕੁਝ ‘ਜੈਚੰਦ ਜਿਹੇ ਲਾਲਚੀ ਲੋਕਾਂ’ ਉਤੇ ਨਿਸ਼ਾਨਾ ਸੇਧਿਆ ਹੈ, ਜਿਸ ਨੂੰ ਸਿਆਸੀ ਗਲਿਆਰਿਆਂ ਵਿਚ ਉਨ੍ਹਾਂ ਦੇ ਛੋਟੇ ਭਰਾ ਤੇਜਸਤੀ ਯਾਦਵ ਦੇ ਕਰੀਬੀ ਸੰਜੈ ਯਾਦਵ ਵੱਲ ਇਸ਼ਾਰਾ ਮੰਨਿਆ ਜਾ ਰਿਹਾ ਹੈ। ਤੇਜ ਪ੍ਰਤਾਪ ਯਾਦਵ, ਜਿਸ ਨੂੰ ਹਾਲ ਹੀ ਵਿਚ ਉਸ ਦੇ ਪਿਤਾ ਨੇ ਪਾਰਟੀ ’ਚੋਂ ਬਰਖਾਸਤ ਕਰ ਦਿੱਤਾ ਸੀ, ਨੇ ਐਤਵਾਰ ਨੂੰ ਦੋਸ਼ ਲਾਇਆ ਕਿ ‘ਕੁਝ ਲਾਲਚੀ ਲੋਕ ਉਸ ਨਾਲ ਸਿਆਸਤ ਖੇਡ ਰਹੇ ਹਨ।’’ ਪਾਰਟੀ ਸੁਪਰੀਮੋ ਤੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਨੇ 25 ਮਈ ਨੂੰ ਤੇਜ ਪ੍ਰਤਾਪ ਯਾਦਵ ਨੂੰ ਪਾਰਟੀ ’ਚੋਂ ਬਾਹਰ



ਦਾ ਰਾਹ ਦਿਖਾਉਂਦਿਆਂ ਉਸ ਨਾਲ ਸਾਰੇ ਪਰਿਵਾਰਕ ਰਿਸ਼ਤੇ ਤੋੜ ਲਏ ਸਨ। ਲਾਲੂ ਨੇ ਆਪਣੇ ਵੱਡੇ ਪੁੱਤਰ ਦੀਆਂ ਕਾਰਵਾਈਆਂ ਨੂੰ ‘ਗ਼ੈਰਜ਼ਿੰਮੇਵਾਰਾਨਾ’ ਕਰਾਰ ਦਿੱਤਾ ਸੀ। ਯਾਦਵ ਨੇ ਐਕਸ ’ਤੇ ਹਿੰਦੀ ਵਿਚ ਇਕ ਪੋਸਟ ਵਿਚ ਕਿਹਾ, ‘‘ਮੇਰੇ ਪਿਆਰੇ ਮੰਮੀ ਪਾਪਾ...ਮੇਰੀ ਸਾਰੀ ਦੁਨੀਆ ਤੁਹਾਡੇ ਦੋਵਾਂ ਵਿਚ ਵਸਦੀ ਹੈ। ਤੁਸੀਂ ਹੋ ਤਾਂ ਸਭ ਕੁਝ ਮੇਰੇ ਕੋਲ ਹੈ। ਪਾਪਾ ਤੁਸੀਂ ਨਹੀਂ ਹੁੰਦੇ ਤਾਂ ਨਾ ਇਹ ਪਾਰਟੀ ਹੁੰਦੀ ਤੇ ਨਾ ਮੇਰੇ ਨਾਲ ਸਿਆਸਤ ਕਰਨ ਵਾਲੇ ਜੈਚੰਦ ਜਿਹੇ ਲੋਕ।’’ ਤੇਜ ਪ੍ਰਤਾਪ ਦੀ ਇਸ ਪੋਸਟ ਮਗਰੋਂ ਸਿਆਸੀ ਅਟਕਲਾਂ ਤੇਜ਼ ਹੋ ਗਈਆਂ ਹਨ। ਮੰਨਿਆ ਜਾ ਰਿਹਾ ਹੈ ਕਿ ਇਹ ਨਿਸ਼ਾਨਾ ਲੰਮੇ ਸਮੇਂ ਤੋਂ ਚੱਲੀ ਆ ਰਹੀ ਪਰਿਵਾਰਕ ਤੇ ਸਿਆਸੀ ਤਣਾਅ ਦਾ ਨਤੀਜਾ ਹੈ। ਸਿਆਸੀ ਸਮੀਖਿਅਕਾਂ ਦਾ ਮੰਨਣਾ ਹੈ ਕਿ ਤੇਜ ਪ੍ਰਤਾਪ ਅਤੇ ਤੇਜਸਵੀ ਯਾਦਵ ਵਿਚਾਲੇ ਟਕਰਾਅ ਉਦੋਂ ਵਧ ਗਿਆ ਜਦੋਂ ਤੇਜਸਵੀ ਨੂੰ ਉਪ ਮੁੱਖ ਮੰਤਰੀ ਬਣਾਇਆ ਗਿਆ ਅਤੇ ਤੇਜ ਪ੍ਰਤਾਪ ਨੂੰ ਸੀਮਤ ਜ਼ਿੰਮੇਵਾਰੀਆਂ ਵਾਲਾ ਮੰਤਰਾਲਾ ਦਿੱਤਾ ਗਿਆ। ਜਦੋਂ ਦੂਜੀ ਵਾਰ ਸਰਕਾਰ ਬਣੀ, ਤਾਂ ਤੇਜ ਪ੍ਰਤਾਪ ਦੀਆਂ ਜ਼ਿੰਮੇਵਾਰੀਆਂ ਹੋਰ ਘੱਟ ਗਈਆਂ। ਲਾਲੂ ਦੇ ਵੱਡੇ ਪੁੱਤਰ ਅੰਦਰਲੀ ਇਹ ਨਾਰਾਜ਼ਗੀ ਹੁਣ ਖੁੱਲ੍ਹ ਕੇ ਸਾਹ-ਮਣੇ ਆ ਗਈ ਹੈ।

# ਭਾਰੀ ਬਾਰਿਸ਼ ਕਾਰਨ 'ਤੀਸਤਾ' ਖ਼ਤਰੇ ਦੇ ਨਿਸ਼ਾਨ ਤੋਂ ਉੱਪਰ, ਸਿੱਕਮ ਵਿੱਚ 1500 ਸੈਲਾਨੀ ਫਸੇ, ਰੈੱਡ ਅਲਰਟ ਜਾਰੀ



**ਸਿੱਕਮ।** ਪੂਰਾ ਉੱਤਰ-ਪੂਰਬ ਇਸ ਸਮੇਂ ਭਾਰੀ ਬਾਰਿਸ਼ ਦੀ ਲਪੇਟ ਵਿੱਚ ਹੈ ਅਤੇ ਇਸ ਕਾਰਨ ਉੱਥੇ 1,500 ਸੈਲਾਨੀ ਫਸੇ ਹੋਏ ਹਨ, ਉਨ੍ਹਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਉੱਤਰੀ ਸਿੱਕਮ ਦੇ ਲਾਚੇਨ ਅਤੇ ਲਾਚੁੰਗ ਵਰਗੇ ਇਲਾਕਿਆਂ ਵਿੱਚ ਸੈਲਾਨੀ ਫਸੇ ਹੋਏ ਹਨ। ਮੰਗਨ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਨੇ ਕਿਹਾ ਕਿ ਲਾਚੇਨ ਵਿੱਚ 115 ਅਤੇ ਲਾਚੁੰਗ ਵਿੱਚ 1,350 ਲੋਕ ਫਸੇ ਹੋਏ ਹਨ। ਭਾਰੀ ਬਾਰਿਸ਼ ਕਾਰਨ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ, ਅਸੀਂ ਸੈਲਾਨੀਆਂ ਨੂੰ ਹੋਟਲਾਂ ਵਿੱਚ ਰਹਿਣ ਦੀ ਅਪੀਲ ਕਰਦੇ ਹਾਂ। ਮੌਸਮ ਵਿਭਾਗ ਨੇ ਅੱਜ ਵੀ ਇਸ ਜਗ੍ਹਾ ਲਈ ਰੈੱਡ ਅਲਰਟ ਐਲਾਨਿਆ ਹੈ। ਲਗਾਤਾਰ ਬਾਰਿਸ਼ ਕਾਰਨ ਤੀਸਤਾ ਨੇ ਖ਼ਤਰਨਾਕ ਰੂਪ ਧਾਰਨ ਕਰ ਲਿਆ ਹੈ, ਇਹ ਇਸ ਸਮੇਂ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਿਹਾ ਹੈ। ਤੁਹਾਨੂੰ ਦੱਸ ਦੇਈਏ ਕਿ ਸਿੱਕਮ ਦੇ ਕਈ ਹਿੱਸਿਆਂ ਵਿੱਚ ਪਿਛਲੇ 48 ਘੰਟਿਆਂ ਤੋਂ ਭਾਰੀ ਬਾਰਿਸ਼ ਹੋ ਰਹੀ ਹੈ। ਮੰਗਨ, ਜੋ ਕਿ ਉੱਤਰੀ ਸਿੱਕਮ ਦਾ ਇੱਕ ਸੰਵੇਦਨਸ਼ੀਲ ਜ਼ਿਲ੍ਹਾ ਹੈ, ਆਪਣੀ ਭੂਗੋਲਿਕ ਸਥਿਤੀ ਅਤੇ ਪਹਾੜੀ ਢਲਾਣਾਂ ਦੇ ਕਾਰਨ ਜ਼ਮੀਨ ਖਿਸਕਣ ਅਤੇ ਹੜ੍ਹਾਂ ਦਾ ਵਧੇਰੇ ਖ਼ਤਰਾ ਹੈ। ਕਈ ਸੜਕਾਂ 'ਤੇ ਮਲਬਾ ਜਮ੍ਹਾ ਹੋ ਗਿਆ ਹੈ ਅਤੇ ਆਵਾਜਾਈ ਵਿੱਚ ਵਿਘਨ ਪੈ ਰਿਹਾ ਹੈ।

ਤੀਸਤਾ ਨਦੀ ਵਿੱਚ ਹੜ੍ਹ (ਮੌਸਮ ਅਪਡੇਟਸ) ਤੀਸਤਾ ਨਦੀ, ਜਿਸਨੂੰ ਸਿੱਕਮ ਦੀ ਜੀਵਨ ਰੇਖਾ ਮੰਨਿਆ ਜਾਂਦਾ ਹੈ, ਲਗਾਤਾਰ ਵਧ ਰਹੇ ਪਾਣੀ ਦੇ ਪੱਧਰ ਕਾਰਨ ਆਪਣੇ ਕੰਢਿਆਂ 'ਤੇ ਵਸੇ ਪਿੰਡਾਂ ਅਤੇ ਕਸਬਿਆਂ ਲਈ ਖ਼ਤਰਾ ਬਣ ਗਈ ਹੈ। ਦਰਿਆ ਕੰਢਿਆਂ 'ਤੇ ਰਹਿਣ ਵਾਲੇ ਲੋਕਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ ਅਤੇ ਸਥਾਨਕ ਪ੍ਰਸ਼ਾਸਨ ਨੇ ਨੀਵੇਂ ਇਲਾਕਿਆਂ ਤੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਕੱਢਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

# ਕਿਰਤੀ ਦੇ ਪੁੱਤਰ ਨੇ ਪਾਸ ਕੀਤੀ ਏਸੀਸੀ ਦੀ ਪ੍ਰੀਖਿਆ, ਬਣਿਆ ਲੈਫ਼ਟੀਨੈਂਟ



**ਕੋਟਕਪੂਰਾ ।** ਭੱਠੇ ’ਤੇ ਮਜ਼ਦੂਰੀ ਕਰਨ ਵਾਲੇ ਪਰਵਾਰ ਦੇ ਪੁੱਤਰ ਨੌਜਵਾਨ ਅਕਾਸ਼ਦੀਪ ਸਿੰਘ ਵਾਸੀ ਪਿੰਡ ਕੋਟਸੁਖੀਆ, ਕੋਟਕਪੂਰਾ ਨੇ ਪਿਛਲੇ ਦਿਨੀਂ ਹੋਈ ਏਸੀਸੀ (ਅਰਮੇ ਛਓਦਏਟ ਛੋਲਲਏਗਏ ਓਣਓਮ) ਦੀ ਪ੍ਰੀਖਿਆ ’ਚ ਦੇਸ਼ ਭਰ ’ਚੋਂ 63ਵਾਂ ਰੈਂਕ ਪ੍ਰਾਪਤ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਹ ਪਿਛਲੇ ਚਾਰ ਸਾਲਾਂ ਤੋਂ ਏਅਰ ਫ਼ੋਰਸ ’ਚ ਬਤੌਰ ਸਿਪਾਹੀ ਨੌਕਰੀ ਕਰ ਰਿਹਾ ਹੈ ਤੇ ਡਿਊਟੀ ਦੌਰਾਨ ਏਸੀਸੀ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਅਕਾਸ਼ਦੀਪ ਸਿੰਘ ਲੈਫ਼ਟੀਨੈਂਟ ਬਣ ਗਿਆ ਹੈ। ਉਨ੍ਹਾਂ ਦੇ ਪਿਤਾ ਹਾਕਮ ਸਿੰਘ ਤੇ ਮਾਤਾ ਕੁਲਦੀਪ ਕੌਰ ਨੇ ਦਸਿਆ ਕਿ ਅਕਾਸ਼ਦੀਪ ਸਿੰਘ ਨੇ ਦਸਵੀਂ ਕਲਾਸ ਤਕ ਦੀ ਪੜ੍ਹਾਈ ਪਿੰਡ ਦੇ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ ਤੇ ਬਾਰ੍ਹਵੀਂ ਕਲਾਸ ਦੀ ਪੜ੍ਹਾਈ ਸਕੂਲ ਆਫ਼ ਮੈਰੀਟੋਰੀਅਸ ਐਸ.ਬੀ.ਐਸ ਨਗਰ ਮੋਹਾਲੀ ਤੋਂ ਪ੍ਰਾਪਤ ਕੀਤੀ। ਵਰਤਮਾਨ ਸਮੇਂ ’ਚ ਉਨ੍ਹਾਂ ਦੇ ਮਾਤਾ-ਪਿਤਾ ਭੱਠੇ ’ਤੇ ਮਜ਼ਦੂਰੀ ਦਾ ਕੰਮ ਕਰਦੇ ਹਨ, ਸਖ਼ਤ ਮਿਹਨਤ ਤੇ ਇਮਾਨਦਾਰੀ ਦੇ ਰਸਤੇ ’ਤੇ ਚੱਲਦਿਆਂ ਅਕਾਸ਼ਦੀਪ ਸਿੰਘ ਨੇ ਏਸੀਸੀ ਦੀ ਪ੍ਰੀਖਿਆ ਪਾਸ ਕਰ ਕੇ ਅਪਣੇ ਮਾਪਿਆਂ ਸਣੇ ਇਲਾਕੇ ਦਾ ਨਾਂ ਰੋਸ਼ਨ ਕੀਤਾ ਹੈ। ਅਕਾਸ਼ਦੀਪ ਸਿੰਘ ਦੇ ਪਰਵਾਰ ਨੂੰ ਮੁਬਾਰਕਬਾਦ ਦੇਣ ਵਾਲਿਆਂ ’ਚ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ, ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ, ਕਾਂਗਰਸੀ ਆਗੂ ਅਜੈਪਾਲ ਸਿੰਘ ਸੰਧੂ, ਸਰਪੰਚ ਬਲਰਾਜ ਸਿੰਘ ਭੋਲਾ ਸਮੇਤ ਹੋਰ ਸਮਾਜਕ ਤੇ ਰਾਜਨਿਤਕ ਸ਼ਖ਼ਸੀਅਤਾਂ ਸ਼ਾਮਲ ਸਨ।

# ਫਿਰੋਜ਼ਪੁਰ ਦੇ ਪਿੰਡ ਤਰਿੰਡੇ ਦੀ ਘਟਨਾ, ਆਮ ਆਦਮੀ ਪਾਰਟੀ ਦੇ ਸਰਪੰਚ ਨੇ ਕੀਤੀ ਖ਼ੁਦਕੁਸ਼ੀ



**ਫਿਰੋਜ਼ਪੁਰ।** ਫਿਰੋਜ਼ਪੁਰ ਦੇ ਗੁਰੂਹਰਸਹਾਏ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਥਾਣਾ ਲੱਖੋਕੇ ਬਹਿਰਾਮ ਦੇ ਪਿੰਡ ਤਰਿੰਡੇ ਦੇ ਮੌਜੂਦਾ ਆਮ ਆਦਮੀ ਪਾਰਟੀ (ਆਪ) ਦੇ ਸਰਪੰਚ ਜਸ਼ਨਪ੍ਰੀਤ ਸਿੰਘ ਬਾਵਾ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਘਟਨਾ ਨੇ ਸਥਾਨਕ ਭਾਈਚਾਰੇ ਵਿੱਚ ਸਨਸਨੀ ਫੈਲਾਅ ਦਿੱਤੀ ਹੈ।

ਜਾਣਕਾਰੀ ਅਨੁਸਾਰ, ਜਸ਼ਨਪ੍ਰੀਤ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਫੇਸਬੁੱਕ ’ਤੇ ਇੱਕ ਪੋਸਟ ਸਾਂਝੀ ਕੀਤੀ ਸੀ, ਜਿਸ ਵਿੱਚ ਉਸਨੇ ਕਵਿਤਾਵਾਂ ਦੀਆਂ ਕੁਝ ਲਾਈਨਾਂ ਲਿਖੀਆਂ ਸਨ। ਹਾਲਾਂਕਿ, ਹਾਲੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਉਸਨੇ ਇਹ ਕਦਮ ਕਿਉਂ ਚੁੱਕਿਆ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਖੁਦਕੁਸ਼ੀ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ, ਗੁਰੂਹਰਸਹਾਏ ਤੋਂ ‘ਆਪ’ ਵਿਧਾਇਕ ਫੌਜਾ ਸਿੰਘ ਤੁਰੰਤ ਜਸ਼ਨਪ੍ਰੀਤ ਦੇ ਘਰ ਪਹੁੰਚੇ। ਕਿਹਾ ਜਾ ਰਿਹਾ ਹੈ ਕਿ ਜਸ਼ਨਪ੍ਰੀਤ ਆਪਣੀ ਪਾਰਟੀ ਵਿੱਚ ਬਹੁਤ ਸਰਗਰਮ ਸੀ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਉਸਦੀ ਮਹੱਤਵਪੂਰਨ ਭੂਮਿਕਾ ਸੀ। ਇਸ ਦੇ ਬਾਵਜੂਦ, ਉਸਦੇ ਕਦਮ ਦੇ ਪਿੱਛੇ ਦੇ ਕਾਰਨ ਅਜੇ ਵੀ ਇੱਕ ਰਹੱਸ ਬਣੇ ਹੋਏ ਹਨ।

ਪੁਲਿਸ ਨੇ ਜਸ਼ਨਪ੍ਰੀਤ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਥਾਣਾ ਲੱਖੋਕੇ ਬਹਿਰਾਮ ਦੀ ਪੁਲਿਸ ਨੇ ਕਿਹਾ ਕਿ ਖੁਦਕੁਸ਼ੀ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਫੇਸਬੁੱਕ ਪੋਸਟਾਂ ਅਤੇ ਹੋਰ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪਰਿਵਾਰਕ ਮੈਂਬਰਾਂ ਅਤੇ ਸਥਾਨਕ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਏਅਰ ਮਾਰਸ਼ਲ ਜਸਵੀਰ ਸਿੰਘ ਮਾਨ ਨੇ ਪੱਛਮੀ ਹਵਾਈ ਕਮਾਂਡ ਦੇ ਸੀਨੀਅਰ ਹਵਾਈ ਸਟਾਫ ਅਧਿਕਾਰੀ ਵਜੋਂ ਸੰਭਾਲਿਆ ਅਹੁਦਾ



**ਨਵੀਂ ਦਿੱਲੀ।** ਏਅਰ ਮਾਰਸ਼ਲ ਮਨੀਸ਼ ਖੰਨਾ ਨੇ ਜੋ ਕਿ ਕਈ ਲੜਾਕੂ ਅਤੇ ਟ੍ਰੇਨਰ ਜਹਾਜ਼ਾਂ ‘ਤੇ 4,000 ਘੰਟਿਆਂ ਤੋਂ ਵੱਧ ਉਡਾਣ ਦਾ ਤਜਰਬਾ ਰੱਖਣ ਵਾਲੇ ਇੱਕ ਨਿਪੁੰਨ ਅਧਿਕਾਰੀ ਹਨ ਉਨ੍ਹਾਂ ਨੇ ਐਤਵਾਰ ਨੂੰ ਦੱਖਣੀ ਹਵਾਈ ਕਮਾਂਡ ਦਾ ਅਹੁਦਾ ਸੰਭਾਲ ਲਿਆ। ਇਸੇ ਤਰ੍ਹਾਂ ਏਅਰ ਮਾਰਸ਼ਲ ਜਸਵੀਰ ਸਿੰਘ ਮਾਨ ਨੇ ਭਾਰਤੀ ਹਵਾਈ ਸੈਨਾ ਦੀ ਪੱਛਮੀ ਹਵਾਈ ਕਮਾਂਡ ਦੇ ਸੀਨੀਅਰ ਹਵਾਈ ਸਟਾਫ ਅਧਿਕਾਰੀ ਵਜੋਂ ਅਹੁਦਾ ਸੰਭਾਲਿਆ।

ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੂੰ 6 ਦਸੰਬਰ, 1986 ਨੂੰ ਭਾਰਤੀ ਹਵਾਈ ਸੈਨਾ ਦੀ ਲੜਾਕੂ ਸ਼ਾਖਾ ਵਿੱਚ ਕਮਿਸ਼ਨ ਦਿੱਤਾ ਗਿਆ ਸੀ।

ਏਅਰ ਮਾਰਸ਼ਲ ਮਨੀਸ਼ ਖੰਨਾ ਅਤਿ ਵਿਸ਼ਿਸ਼ਟ ਸੇਵਾ ਮੈਡਲ, ਵਾਯੂ ਸੈਨਾ ਮੈਡਲ ਨੇ 1 ਜੂਨ, 2025 ਨੂੰ ਤਿਰੂਵਨੰਤਪੁਰਮ ਵਿਖੇ ਏਅਰ ਅਫਸਰ ਕਮਾਂਡਿੰਗ-ਇਨ-ਚੀਫ਼ ਵਜੋਂ ਦੱਖਣੀ ਹਵਾਈ ਕਮਾਂਡ ਦੀ ਕਮਾਨ ਸੰਭਾਲੀ।

ਏਅਰ ਅਫਸਰ ਇੱਕ ਸ਼੍ਰੇਣੀ ‘ਏ’ ਯੋਗਤਾ ਪ੍ਰਾਪਤ ਫਲਾਇੰਗ ਇੰਸਟ੍ਰਕਟਰ ਹੈ ਅਤੇ ਰਾਸ਼ਟਰੀ ਰੱਖਿਆ ਅਕੈਡਮੀ, ਰੱਖਿਆ ਸੇਵਾਵਾਂ ਸਟਾਫ ਕਾਲਜ, ਕਾਲਜ ਆਫ਼ ਏਅਰ ਵਾਰਫੇਅਰ ਅਤੇ ਰਾਸ਼ਟਰੀ ਰੱਖਿਆ ਕਾਲਜ ਦਾ ਸਾਬਕਾ ਵਿਦਿਆਰਥੀ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਦੋ ਕੈਡਿਟ ਭਾਰਤੀ ਜਲ ਸੈਨਾ ’ਚ ਬਣੇ ਅਫਸਰ

**ਚੰਡੀਗੜ੍ਹ।** ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੀ ਸਫਲਤਾ ਦੀ ਪ੍ਰੰਪਰਾ ਨੂੰ ਜਾਰੀ ਰੱਖਦੇ ਹੋਏ, ਸੰਸਥਾ ਦੇ ਦੋ ਕੈਡਿਟ ਏਝੀਮਾਲਾ (ਕੇਰਲ) ਵਿਖੇ ਵੱਕਾਰੀ ਇੰਡੀਅਨ ਨੇਵਲ ਅਕੈਡਮੀ (ਆਈਐਨਏ) ਤੋਂ ਪਾਸ ਆਊਟ ਹੋਏ ਅਤੇ ਭਾਰਤੀ ਜਲ ਸੈਨਾ ਵਿੱਚ ਕਮਿਸ਼ਨਡ ਅਫਸਰ ਬਣ ਗਏ। ਪਾਸਿੰਗ ਆਊਟ ਪਰੇਡ ਦਾ ਨਿਰੀਖਣ ਵਾਈਸ ਐਡਮਿਰਲ ਵੀ. ਸ਼੍ਰੀਨਿਵਾਸ, ਏਵੀਐਸਐਮ, ਐਨਐਮ, ਫਲੈਗ ਅਫਸਰ ਕਮਾਂਡਿੰਗ-ਇਨ-ਚੀਫ਼, ਦੱਖਣੀ ਨੇਵਲ ਕਮਾਂਡ ਦੁਆਰਾ ਕੀਤਾ ਗਿਆ।

ਇਸ ਸਬੰਧ ਵਿੱਚ ਜਾਣਕਾਰੀ ਸਾਂਝੀ ਕਰਦੇ ਹੋਏ, ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ, ਅਮਨ ਅਰੋੜਾ ਨੇ ਦੱਸਿਆ ਕਿ ਸੰਸਥਾ ਦੇ ਸਾਬਕਾ ਕੈਡਿਟ, ਮਹਿੰਦਰ ਸਿੰਘ ਸੇਖੋਂ ਅਤੇ ਵਿਨੈ ਕੌਸ਼ਿਕ, ਦੋਵੇਂ ਐਸਏਐਸ ਨਗਰ (ਮੋਹਾਲੀ) ਦੇ ਰਹਿਣ ਵਾਲੇ ਹਨ, ਨੂੰ ਹੁਣ ਭਾਰਤੀ ਜਲ ਸੈਨਾ ਵਿੱਚ ਕਮਿਸ਼ਨਡ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੰਸਥਾ ਵਿੱਚ ਦੋ ਸਾਲਾਂ ਦੀ ਸ਼ੁਰੂਆਤੀ ਸਿਖਲਾਈ ਤੋਂ ਬਾਅਦ, ਕੈਡਿਟ ਐਨਡੀਏ ਵਿੱਚ ਤਿੰਨ ਸਾਲ ਦੀ ਸਿੱਖਿਆ ਪ੍ਰਾਪਤ ਕਰਦੇ ਹਨ ਅਤੇ ਫਿਰ ਆਈਐਨਏ ਵਿੱਚ ਇੱਕ ਸਾਲ ਦੀ ਸੇਵਾ ਅਧਾਰਤ ਸਿਖਲਾਈ ਤੋਂ ਬਾਅਦ, ਉਹ ਹੁਣ ਨੇਵੀ ਵਿੱਚ ਸੇਵਾ ਕਰਨ ਲਈ ਤਿਆਰ ਹਨ।



ਇਹ ਜ਼ਿਕਰਯੋਗ ਹੈ ਕਿ ਮਹਿੰਦਰ ਸਿੰਘ ਸੇਖੋਂ, ਜਿਨ੍ਹਾਂ ਦੇ ਮਾਤਾ-ਪਿਤਾ ਬਚਪਨ ਵਿੱਚ ਹੀ ਅਕਾਲ ਚਲਾਣਾ ਕਰ ਗਏ ਸਨ, ਨੇ ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਆਪਣੇ ਸੁਪਨੇ ਨੂੰ ਸਾਕਾਰ ਕੀਤਾ। ਵਿਨੈ ਕੌਸ਼ਿਕ ਦੇ ਪਿਤਾ ਸ਼੍ਰੀ ਸੰਜੇ ਕੁਮਾਰ ‘ਦਿ ਟ੍ਰਿਬਿਊਨ’ ਅਖਬਾਰ ਵਿੱਚ ਇੱਕ ਵਿਭਾਗੀ ਮੁਖੀ ਹਨ ਅਤੇ ਮਾਤਾ ਸ਼੍ਰੀਮਤੀ ਰੇਖਾ ਸ਼ਰਮਾ ਇੱਕ ਘਰੇਲੂ ਔਰਤ ਹਨ। ਅਮਨ ਅਰੋੜਾ ਨੇ ਨਵੇਂ ਨਿਯੁਕਤ ਦੋਵਾਂ ਅਧਿਕਾਰੀਆਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਪ੍ਰਾਪਤੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਇਸੇ ਤਰ੍ਹਾਂ ਦੇਸ਼ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਦੇ ਰਹਿਣਾ ਚਾਹੀਦਾ ਹੈ।

ਸੰਸਥਾ ਦੇ ਡਾਇਰੈਕਟਰ ਮੇਜਰ ਜਨਰਲ ਅਜੇ ਐਚ. ਚੌਹਾਨ, ਵੀਐਸਐਮ (ਸੇਵਾਮੁਕਤ) ਨੇ ਕੈਡਿਟਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਹੁਣ ਤੱਕ ਇਸ ਸੰਸਥਾ ਦੇ 172 ਕੈਡਿਟਾਂ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਅਧਿਕਾਰੀ ਬਣ ਚੁੱਕੇ ਹਨ, ਜਿਨ੍ਹਾਂ ਵਿੱਚੋਂ 20 ਭਾਰਤੀ ਜਲ ਸੈਨਾ ਵਿੱਚ ਕਮਿਸ਼ਨਡ ਅਧਿਕਾਰੀ ਬਣ ਚੁੱਕੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕੈਡਿਟਾਂ ਅਰਸ਼ਦੀਪ ਸਿੰਘ (ਆਲ ਇੰਡੀਆ ਰੈਂਕ 3) ਅਤੇ ਕਰਨ ਕੌਸ਼ਿਕ (ਆਲ ਇੰਡੀਆ ਰੈਂਕ 71) ਨੇ ਮੈਰਿਟ ਸੂਚੀ ਵਿੱਚ ਸਥਾਨ ਪ੍ਰਾਪਤ ਕੀਤਾ ਹੈ, ਅਤੇ ਏਅਰ ਫੋਰਸ ਅਕੈਡਮੀ ਵਿੱਚ ਸ਼ਾਮਲ ਹੋਣ ਲਈ ਕਾਲ-ਅੱਪ ਲੈਟਰਾਂ ਦੀ ਉਡੀਕ ਕਰ ਰਹੇ ਹਨ।

# ਮਹਿੰਦਰਾ ਪਿਕਅੱਪ ਗੱਡੀ ਪੁਲ ਦੀ ਰੇਲਿੰਗ ਨਾਲ ਟੱਕਰਾਈ, 5 ਮੌਤਾਂ, ਇੱਕ ਜ਼ਖਮੀ



**ਸ਼ਿਮਲਾ** ।ਹਿਮਾਚਲ ਦੇ ਮੰਡੀ ਜ਼ਿਲ੍ਹੇ ਦੇ ਕਮੰਡ ਵਿੱਚ ਇੱਕ ਮਹਿੰਦਰਾ ਪਿਕਅੱਪ ਪੁਲ ਦੀ ਰੇਲਿੰਗ ਨਾਲ ਟਕਰਾ ਗਈ। ਇਸ ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਜ਼ਖਮੀ ਹੋ ਗਿਆ। ਇਹ ਹਾਦਸਾ ਕਟੋਲਾ ਖੇਤਰ ਦੇ ਨੇੜੇ ਆਈਆਈਟੀ ਕਮੰਡ ਪੁਲ ਦੇ ਨੇੜੇ ਵਾਪਰਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮ੍ਰਿਤਕਾਂ ਦੇ ਨਾਮ ਅਤੇ ਪਤੇ ਇਕੱਠੇ ਕੀਤੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਆਈਆਈਟੀ ਕਮੰਡ ਪੁਲ ਦੇ ਨੇੜੇ ਇੱਕ ਮਹਿੰਦਰਾ ਪਿਕਅੱਪ ( ) ਪੁਲ ਦੀ ਰੇਲਿੰਗ ਨਾਲ ਟਕਰਾ ਗਿਆ। ਟੱਕਰ ਤੋਂ ਬਾਅਦ ਕਾਰ ਵਿੱਚ ਸਵਾਰ ਲੋਕ ਪੁਲ ਤੋਂ ਹੇਠਾਂ ਖੱਡ ਵਿੱਚ ਡਿੱਗ ਗਏ। ਹਾਦਸੇ ਵਿੱਚ ਪੰਜ ਲੋਕਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ ਜਦੋਂ ਕਿ ਇੱਕ ਗੰਭੀਰ ਜ਼ਖਮੀ ਹੈ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਸਮੇਂ ਕਾਰ ਵਿੱਚ 6 ਲੋਕ ਸਨ। ਇਹ ਗੱਡੀ ਟੈਂਟ ਦਾ ਸਾਮਾਨ ਲੈ ਕੇ ਜਾ ਰਹੀ ਸੀ। ਗੱਡੀ ਵਿੱਚ ਰੱਖਿਆ ਸਾਮਾਨ ਵੀ ਖੱਡ ਅਤੇ ਸੜਕ ‘ਤੇ ਪੂਰੀ ਤਰ੍ਹਾਂ ਖਿੱਲਰ ਗਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਟੀਮ ਮੌਕੇ ‘ਤੇ ਪਹੁੰਚੀ ਅਤੇ ਲਾਸ਼ਾਂ ਨੂੰ ਬਾਹਰ ਕੱਢਿਆ ਅਤੇ ਪਛਾਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਜ਼ਖਮੀਆਂ ਨੂੰ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ। ਜ਼ਖਮੀ ਵਿਅਕਤੀ ਦੀ ਹਾਲਤ ਵੀ ਨਾਜ਼ੁਕ ਹੈ।ਹਾਦਸੇ ਤੋਂ ਬਾਅਦ ਕਮਾਂਡ ਵਿੱਚ ਕਾਫ਼ੀ ਰੌਲਾ-ਰੱਪਾ ਪਿਆ। ਪੁਲਿਸ ਨੇ ਮੌਕੇ ‘ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ। ਫਿਲਹਾਲ ਜਾਂਚ ਜਾਰੀ ਹੈ। ਮ੍ਰਿਤਕਾਂ ਦੇ ਨਾਮ ਅਤੇ ਪਤੇ ਇਕੱਠੇ ਕੀਤੇ ਜਾ ਰਹੇ ਹਨ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸੰਘਰਸ ਚ ਗ੍ਰਿਫ਼ਤਾਰ ਕਾਰਕੁਨ ਤਿੰਨ ਦਿਨਾਂ ਦੇ ਅੰਦਰ ਬਿਨਾਂ ਸ਼ਰਤ ਰਿਹਾਅ ਕਰਨ ਦੇ ਵਾਅਦੇ ਉਪਰੰਤ ਸਾਂਝਾ ਮਜ਼ਦੂਰ ਮੋਰਚੇ ਵਲੋਂ ਮੁਜ਼ਾਹਰੇ ਮੁਲਤਵੀ

**ਜਲੰਧਰ/ਚੰਡੀਗੜ੍ਹ (ਪੱਤਰ ਪ੍ਰੇਰਕ)** ਸਾਂਝਾ ਮਜ਼ਦੂਰ ਮੋਰਚਾ ਪੰਜਾਬ ਵਲੋਂ 2 ਜੂਨ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਕੇਂਦਰਾਂ ਉੱਤੇ ਕੀਤੇ ਜਾਣ ਵਾਲੇ ਮੁਜ਼ਾਹਰਿਆਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ।ਸਾਂਝਾ ਮਜ਼ਦੂਰ ਮੋਰਚਾ ਪੰਜਾਬ ਦੇ ਆਗੂ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਦਿਹਾਤੀ ਮਜ਼ਦੂਰ ਸਭਾ ਦੇ ਦਰਸ਼ਨ ਨਾਹਰ, ਪੰਜਾਬ ਖੇਤ ਮਜ਼ਦੂਰ ਸਭਾ ਦੀ ਦੇਵੀ ਕੁਮਾਰੀ ਸਰਹਾਲੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਕੁਲਵੰਤ ਸਿੰਘ ਸੇਲ-ਬਰਾਹ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਗੁਰਪ੍ਰੀਤ ਸਿੰਘ ਰੂੜੇਕੇ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬਿੱਕਰ ਸਿੰਘ ਹਥੋਆ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਬਰ ਖਿਲਾਫ਼ ਸਾਂਝਾ ਮਜ਼ਦੂਰ ਮੋਰਚਾ ਅਤੇ ਹੋਰ ਜਥੇਬੰਦੀਆਂ ਦੇ ਸੰਘਰਸ਼ ਦੇ ਦਬਾਅ ਕਾਰਨ ਆਖ਼ਰ ਸਰਕਾਰ ਨੂੰ ਝੁਕਣਾ ਪਿਆ ਹੈ। ਜਿਸ ਸਦਕਾ ਮੋਰਚੇ ਚ ਸ਼ਾਮਲ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਅਤੇ ਸੰਗਰੂਰ ਪ੍ਰਸ਼ਾਸਨ ਦਰਮਿਆਨ ਅੱਜ ਹੋਈ ਮੀਟਿੰਗ ਚ 20 ਮਈ ਨੂੰ ਜੀਂਦ ਦੇ ਰਾਜੇ ਦੀ 927 ਏਕੜ ਜ਼ਮੀਨ ਚ ਬੇਗ਼ਮਪੁਰਾ ਵਸਾਉਣ ਤੋਂ ਰੋਕਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫ਼ਤਾਰ ਕੀਤੇ ਸਮੁੱਚੇ ਮਜ਼ਦੂਰਾਂ ਨੂੰ ਤਿੰਨ ਦਿਨ ਦੇ ਅੰਦਰ ਅੰਦਰ ਬਿਨ੍ਹਾਂ ਸ਼ਰਤ ਰਿਹਾਅ ਕਰਨ ਅਤੇ ਮਸਲੇ ਦੇ ਹੱਲ ਲਈ ਸਰਕਾਰ ਵਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ 18 ਜੂਨ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਦਾ ਸੱਦਾ ਦੇਣ ਉਪਰੰਤ ਸਾਂਝਾ ਮਜ਼ਦੂਰ ਮੋਰਚਾ ਪੰਜਾਬ ਵਲੋਂ 2 ਜੂਨ ਨੂੰ ਜ਼ਿਲ੍ਹਾ ਕੇਂਦਰਾਂ ਉੱਤੇ ਕੀਤੇ ਜਾਣ ਵਾਲੇ ਮੁਜ਼ਾਹਰਿਆਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੀਆਂ ਮੰਗਾਂ ਮਸਲਿਆਂ ਦੇ ਹੱਲ ਲਈ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਦਲਿਤਾਂ ਅਤੇ ਬੇਜ਼ਮੀਨੇ ਲੋਕਾਂ ਨੂੰ ਨਰਕ ਭਰੀ ਜ਼ਿੰਦਗੀ ਚੋਂ ਕੱਢਣ ਅਤੇ ਮਾਣ-ਸਨਮਾਨ ਦੀ ਜ਼ਿੰਦਗੀ ਲਈ ਜ਼ਮੀਨ ਹੱਦਬੰਦੀ ਕਾਨੂੰਨ 1972 ਲਾਗੂ ਕਰਵਾਉਣ ਅਤੇ ਜ਼ਮੀਨ ਦੀ ਮੁੜ ਵੰਡ, ਸਿਰ ਢੱਕਣ ਲਈ ਪਲਾਂਟ, ਮਕਾਨ, ਰੁਜ਼ਗਾਰ,ਦਿਹਾੜੀ, ਕਰਜ਼ਾ ਮੁਕਤੀ, ਬਦਲਵੇਂ ਕਰਜ਼ੇ ਦਾ ਪ੍ਰਬੰਧ ਅਤੇ ਸਮਾਜਿਕ ਜ਼ਬਰ ਦੇ ਖ਼ਾਤਮੇ ਆਦਿ ਲਈ ਸੰਘਰਸ਼ ਲੜਨਾ ਅੱਜ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵਲੋਂ ਸੰਘਰਸ਼ਸ਼ੀਲ ਲੋਕਾਂ ਦਾ ਸੰਘਰਸ਼ ਦਾ ਜਮਹੂਰੀ ਹੱਕ ਪੁਲਿਸ ਜ਼ਬਰ ਰਾਹੀਂ ਕੁਚਲਣ ਲਈ ਪੰਜਾਬ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ। ਜਿਸ ਤਹਿਤ ਸੰਘਰਸ਼ਸ਼ੀਲ ਤਬਕਿਆਂ ਨੂੰ ਆਗੂ ਰਹਿਤ ਕਰਨ ਲਈ ਪੁਲਿਸ ਜ਼ਬਰ ਤਹਿਤ ਜ਼ੇਲ੍ਹਾਂ, ਲਾਠੀਆਂ ਦਾ ਸਹਾਰਾ ਲਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕਿਹਾ ਕਿ ਜੇਕਰ ਗ੍ਰਿਫ਼ਤਾਰ ਮਜ਼ਦੂਰਾਂ ਦੀ ਬਿਨ੍ਹਾਂ ਸ਼ਰਤ ਰਿਹਾਈ ਤੋਂ ਵਾਅਦਾ ਖਿਲਾਫੀ ਹੁੰਦੀ ਹੈ ਤਾਂ ਮੁੜ ਸੰਘਰਸ਼ ਕਰਨ ਲਈ ਮਜ਼ਬੂਰ ਹੋਵਾਂਗੇ।ਉਨ੍ਹਾਂ ਦੱਸਿਆ ਕਿ ਸਾਂਝਾ ਮਜ਼ਦੂਰ ਮੋਰਚਾ ਪੰਜਾਬ ਨੇ ਅਗਲਾ ਸੰਘਰਸ਼ ਉਲੀਕਣ ਲਈ 4 ਜੂਨ ਨੂੰ ਜਲੰਧਰ ਵਿਖੇ ਮੀਟਿੰਗ ਬੁਲਾ ਲਈ ਹੈ।

# ਪੰਜਾਬ ਸਰਕਾਰ ਦਾ ਯੁੱਧ ਨਸ਼ਿਆਂ ਵਿਰੁੱਧ

## ਪੰਜਾਬ ਦੇ ਵਿੱਚੋਂ ਨਸ਼ਾ ਖਤਮ ਕਰਨ ਤੱਕ ਚੱਲੇਗਾ-ਬਲਤੇਜ ਪੰਨੂ

**ਬਲਬੀਰ ਸਿੰਘ ਬੱਬੀ**



ਇਕ ਮਾਰਚ ਤੋਂ ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਨੂੰ ਸਖਤ ਹਦਾਇਤਾਂ ਦਿੱਤੀਆਂ ਕਿ ਪੰਜਾਬ ਵਿੱਚੋਂ ਨਸ਼ਿਆਂ ਦਾ ਖਾਤਮਾ ਕੀਤਾ ਜਾਵੇ। ਇਸੇ ਤਹਿਤ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਤਿੰਨ ਮਹੀਨਿਆਂ ਦੇ ਵਿੱਚ ਪੰਜਾਬ ਵਿੱਚੋਂ ਨਸ਼ਾ ਕਰਨ ਦਾ ਟੀਚਾ ਮਿਥਿਆ ਹੁਣ ਤੱਕ ਅਨੇਕਾਂ ਨਸ਼ਾ ਤਸਕਰ ਫੜੇ ਗਏ ਨਸ਼ਾ ਫੜਿਆ ਗਿਆ ਜੇਲ ਭੇਜੇ ਇਥੋਂ ਤੱਕ ਕਿ ਕਈਆਂ ਦੇ ਮਕਾਨ ਤੱਕ ਵੀ ਢਾਹੇ ਗਏ ਇਸ ਨਸ਼ਿਆਂ ਦੇ ਮਾਮਲੇ ਵਿੱਚ ਕਾਫੀ ਹੱਦ ਤੱਕ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਚੰਗਾ ਕੰਮ ਕੀਤਾ ਪਰ ਫਿਰ ਵੀ ਨਸ਼ਿਆਂ ਵਾਲੇ ਮਾਮਲੇ ਉੱਤੇ ਹੋਰ ਸ਼ਿਕੰਜਾ ਕਸਿਆ ਜਾਵੇਗਾ ਤਾਂ ਕਿ ਪੰਜਾਬ ਦੇ ਪਿੰਡ ਪਿੰਡ ਘਰ ਘਰ ਜਿੱਥੇ ਨਸ਼ੇ ਦੀ ਅਲਾਮਤ ਹੈ ਉਸਨੂੰ ਖਤਮ ਕੀਤਾ ਜਾਵੇ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤੀ ਮੋਰਚੇ ਦੇ ਮੁੱਖ ਬੁਲਾਰੇ ਉੱਘੇ ਪੱਤਰਕਾਰ ਬਲਤੇਜ ਪੰਨੂ ਨੇ ਅੱਜ ਵਿਸ਼ੇਸ਼ ਪ੍ਰੈਸ ਕਾਨਫਰੰਸ ਵਿੱਚ ਕੀਤਾ।

ਸ੍ਰੀ ਪੰਨੂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੁੱਚਾ ਮੰਤਰੀ ਮੰਡਲ ਨੇ ਇੱਕ ਵਿਸ਼ੇਸ਼ ਤਹੱਈਆ ਕੀਤਾ ਹੈ ਕਿ ਜਿੰਨਾ ਚਿਰ ਪੰਜਾਬ ਦੀ ਵਾਗਡੋਰ ਲੋਕਾਂ ਨੇ ਸਾਨੂੰ ਸੰਭਾਲੀ ਹੈ ਅਸੀਂ ਨਸ਼ਿਆਂ ਵਾਲੇ ਮਾਮਲੇ ਦੇ ਵਿੱਚ ਵਧੀਆ ਕੰਮ ਕਰਨ ਦਾ ਯਤਨ ਕਰਾਂਗੇ ਤੇ ਕਰ ਵੀ ਰਹੇ ਹਾਂ। ਨਸ਼ਿਆਂ ਸਬੰਧੀ ਵਿਰੋਧੀ ਪਾਰਟੀਆਂ ਜੋ ਸਿਆਸਤ ਕਰ ਰਹੀਆਂ ਹਨ ਉਹਨਾਂ ਬਾਬਤ ਸ੍ਰੀ ਪੰਨੂ ਨੇ ਕਿਹਾ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਇੱਕ ਵਾਰੀ ਫਿਰ ਅਪੀਲ ਕਰਦਾ ਹਰੇਕ ਸਿਆਸੀ ਪਾਰਟੀ ਨੂੰ ਚਾਹੇ ਉਹ ਵਿਰੋਧੀ ਧਿਰਾਂ ਦੇ ਵਿੱਚ ਹਨ ਸੰਸਥਾਵਾਂ ਐਨਜੀਓਜ ਸਾਡੀਆਂ ਧਾਰਮਿਕ ਸੰਸਥਾਵਾਂ ਉਹ ਸਾਰੀਆਂ ਦੀਆਂ ਸਾਰੀਆਂ ਮਿਲ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਵਾਸਤੇ ਸਰਕਾਰ ਦੇ ਵੱਲੋਂ ਕੀਤੇ ਜਾ ਰਹੇ ਇਹਨਾਂ ਯਤਨਾਂ ਦੇ ਵਿੱਚ ਸਾਥ ਦੇਣ ਜੇ ਕਿਸੇ ਨੇ ਸਾਥ ਨਹੀਂ ਦੇਣਾ ਤੇ ਘੱਟੋ ਘੱਟ ਉਹ ਵਿਰੋਧ ਨਾ ਕਰਨ ਉਹ ਲੱਤਾਂ ਨਾ ਖਿੱਚਣ ਕਿਉਂਕਿ ਜਿਸ ਮੌਕੇ ਜਿਸ ਜਗ੍ਹਾ ਦੇ ਉੱਤੇ ਇਹ ਸਾਡਾ ਮੌਜੂਦਾ ਯੁੱਧ ਪਹੁੰਚ ਚੁੱਕਿਆ ਇਹ ਰੋਜ਼ ਰੋਜ ਇਸ ਲੈਵਲ ਤੱਕ ਨਹੀਂ ਜਾਂਦੇ ਜਿਸ ਲੈਵਲ ਤੱਕ ਇਸ ਵੇਲੇ ਚਲੇ ਗਿਆ ਹੈ ਜੇ ਅਸੀਂ ਖੁੰਝੇ ਜਾਂ ਜਿਹੜੀਆਂ ਵਿਰੋਧੀ ਧਿਰਾਂ ਜਿਸ ਕਿਸਮ ਦੇ ਨਾਲ ਸਵਾਲੀਆ ਚਿੰਨ ਉਹ ਕਰ ਰਹੀਆਂ ਨੇ ਫਿਰ ਤਾਂ ਕਿਸੇ ਨੇ ਵੀ ਇਸ ਤਰੀਕੇ ਦੇ ਨਾਲ ਇਨੀ ਵਚਨਬੱਧਤਾ ਦੇ ਨਾਲ ਇਸ ਯੁੱਧ ਨੂੰ ਇਸ ਲੈਵਲ ਤੱਕ ਨਹੀਂ ਲੈ ਕੇ ਆਉਣਾ। ਸ੍ਰੀ ਪੰਨੂ ਨੇ ਕਿਹਾ ਕਿ ਇੱਥੇ ਤੱਕ ਸਰਦਾਰ ਭਗਵੰਤ ਸਿੰਘ ਮਾਨ ਲੈ ਕੇ ਆਏ ਨੇ ਕਿ ਉਹਨਾਂ ਦਾ ਸੁਪਨਾ ਸੀ ਵੀ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਬਾਕੀ ਪੁਲਿਸ ਆਪਣਾ ਕੰਮ ਕਰ ਰਹੀ ਹੈ ਸਰਕਾਰ ਆਪਣਾ ਕੰਮ ਕਰ ਰਹੀ ਹੈ ਤੇ ਸਭ ਤੋਂ ਵੱਡੀ ਗੱਲ ਇਹ ਯੁੱਧ ਪੰਜਾਬ ਦੇ ਲੋਕਾਂ ਸਦਕਾ ਹੀ ਜਿੱਤਿਆ ਜਾਣਾ ਹੈ। ਸੋ ਆਓ ਸਾਰੇ ਹੀ ਪੰਜਾਬ ਵਾਸੀ ਜਿਹੜੇ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਬੈਠੇ ਹਨ ਸਭਨਾਂ ਨੂੰ ਰਲ ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ ਤਾਂ ਕਿ ਪੰਜਾਬ ਵਿੱਚੋਂ ਇਹੋ ਜਿਹੀਆਂ ਅਲਾਮਤਾਂ ਨੂੰ ਬਾਹਰ ਕੱਢ ਕੇ ਮੁੜ ਰੰਗਲਾ ਪੰਜਾਬ ਬਣਾਈਏ।

# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ 'ਚ ਸਮਰ ਕੈਂਪ ਧੂਮਧਾਮ ਨਾਲ ਸੰਪੰਨ

**ਕਪੂਰਥਲਾ ( ਕੌੜਾ )-** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿੱਚ ਚੱਲ ਰਿਹੇ ਤਿੰਨ ਰੋਜਾ ਸਮਰ ਕੈਂਪ ਦਾ ਸਮਾਪਤੀ ਸਮਾਗਮ ਬੜੀ ਧੂਮ ਧਾਮ ਨਾਲ ਕੀਤਾ ਗਿਆ । ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮ-ਰਤਾ ਕੌਰ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਦੌਰਾਨ



**ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸਮਰ ਕੈਂਪ ਦੇ ਸਮਾਪਤੀ ਸਮਾਰੋਹ ਮੌਕੇ ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਨਾਲ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ**

ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਸ਼ਬਦ ਗਾਇਨ, ਲੋਕ ਗੀਤ, ਭੰਗੜਾ, ਕੋਰੀਓਗਰਾਫੀ ਆਦਿ ਮੁੱਖ ਆਕਰਸ਼ਣ ਰਹੇ । ਇਸ ਦੌਰਾਨ ਵਿਦਿਆਰਥੀਆਂ ਡਾਂਸ, ਆਰਟ ਐਂਡ ਕਰਾਫਟ, ਸਪੋਕਨ ਇੰਗਲਿਸ਼, ਖੇਡਾਂ, ਯੋਗਾ, ਕਰਾਟੇ, ਤਾਈਕਵਾਂਡੋ, ਸੰਗੀਤ, ਕੁਕਿੰਗ ਵਿਦਆਊਟ ਫਾਇਰ, ਸੂਈ ਧਾਗਾ ਵਰਕ ਆਦਿ ਗਤੀਵਿਧੀਆਂ ਵਿੱਚ ਬੜੇ ਉਤਸਾਹ ਨਾਲ ਭਾਗ ਲਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਦਿਆਰਥੀਆਂ ਵੱਲੋਂ ਦਿਖਾਈ ਪ੍ਰਤਿਭਾ ਦੀ ਖੂਬ ਸ਼ਲਾਘਾ ਕੀਤੀ ।

# ਦੋ ਸਿੱਖ ਨੌਜਵਾਨਾਂ ਦੇ ਫੇਂਕ ਐਨਕਾਊਂਟਰ ਦਾ ਮਾਮਲਾ; 33 ਸਾਲਾਂ ਬਾਅਦ ਤਤਕਾਲੀ ਇੰਸਪੈਕਟਰ ਅਤੇ ਥਾਣੇਦਾਰ ਨੂੰ ਅਦਾਲਤ ਨੇ ਸੁਣਾਈ ਸਜ਼ਾ

## ਕਪੂਰਥਲਾ ਦਾ 32 ਸਾਲ ਪੁਰਾਣਾ ਫਰਜ਼ੀ ਮੁਕਾਬਲਾ ਮਾਮਲਾ : ਤਤਕਾਲੀ ਇੰਸਪੈਕਟਰ ਮਨਜੀਤ, ਏ ਐੱਸ ਆਈ ਗੁਰਮੇਜ ਸਿੰਘ ਨੂੰ 8-8 ਸਾਲ ਕੈਦ ਦੀ ਸਜ਼ਾ

**ਕਪੂਰਥਲਾ (ਕੌੜਾ) –** 1993 ਵਿੱਚ ਮੋਹਾਲੀ ਦੇ ਫਰਜ਼ੀ ਪੁਲਿਸ ਮੁਕਾਬਲਾ ਮਾਮਲੇ ਵਿੱਚ, ਸੀਬੀਆਈ ਦੀ ਇੱਕ ਵਿਸ਼ੇਸ਼ ਅਦਾਲਤ ਨੇ ਸ਼ਨੀਵਾਰ ਨੂੰ 3 ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ। ਅਦਾਲਤ ਨੇ ਤਤਕਾਲੀ ਇੰਸਪੈਕਟਰ ਮਨਜੀਤ ਸਿੰਘ, ਐਸਆਈ ਗੁਰਮੇਜ ਸਿੰਘ ਨੂੰ 8-8 ਸਾਲ ਕੈਦ ਅਤੇ 1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੇਕਰ ਜੁਰਮਾਨਾ ਅਦਾ ਨਹੀਂ ਕੀਤਾ ਜਾਂਦਾ ਹੈ, ਤਾਂ ਦੋਵਾਂ ਨੂੰ 3 ਮਹੀਨੇ ਹੋਰ ਕੈਦ ਕੱਟਣੀ ਪਵੇਗੀ। ਇਸ ਦੇ ਨਾਲ ਹੀ, ਤਤਕਾਲੀ ਏਐਸਆਈ ਕਰਮਜੀਤ ਸਿੰਘ ਨੂੰ 3 ਸਾਲ ਕੈਦ ਅਤੇ 50,000 ਰੁਪਏ ਜੁਰਮਾਨਾ ਵੀ ਭੁਗਤਣਾ ਪਵੇਗਾ। ਜੇਕਰ ਜੁਰਮਾਨਾ ਅਦਾ ਨਹੀਂ ਕੀਤਾ ਜਾਂਦਾ ਹੈ, ਤਾਂ ਇੱਕ ਮਹੀਨੇ ਹੋਰ ਕੈਦ ਕੱਟਣੀ ਪਵੇਗੀ। ਇਸ ਮਾਮਲੇ ਵਿੱਚ ਨਾਮਜ਼ਦ ਦੋ ਹੋਰ ਪੁਲਿਸ ਮੁਲਾਜ਼ਮਾਂ, ਕਾਂਸਟੇਬਲ ਕਸ਼ਮੀਰ ਸਿੰਘ ਅਤੇ ਹਰਜੀਤ ਸਿੰਘ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ। ਉਸੇ ਸਮੇਂ, ਏਐਸਆਈ ਕਰਮਜੀਤ ਸਿੰਘ ਨੂੰ ਅਦਾਲਤ ਤੋਂ ਜ਼ਮਾਨਤ ਮਿਲ ਗਈ। ਇਹ ਮਾਮਲਾ ਪਲਵਿੰਦਰ ਸਿੰਘ ਵਾਸੀ ਪਿੰਡ ਰਾਵਲਪਿੰਡੀ ਅਤੇ ਬਲਬੀਰ ਸਿੰਘ ਵਾਸੀ ਪਿੰਡ ਢੱਡੇ, ਕਪੂਰਥਲਾ ਜ਼ਿਲ੍ਹੇ ਦੇ ਫਰਜ਼ੀ ਮੁਕਾਬਲੇ ਨਾਲ ਸਬੰਧਤ ਹੈ। ਸੀ ਬੀ ਆਈ ਚਾਰਜਸ਼ੀਟ ਅਨੁਸਾਰ, 27 ਮਾਰਚ 1993 ਨੂੰ, ਏ ਐਸ ਆਈ ਕਰਮਜੀਤ ਸਿੰਘ ਦੀ ਅਗਵਾਈ ਵਾਲੀ ਇੱਕ ਪੁਲਿਸ ਟੀਮ ਨੇ ਪਲਵਿੰਦਰ ਨੂੰ ਉਸਦੇ ਘਰੋਂ ਚੁੱਕਿਆ। ਉਸੇ ਦਿਨ, ਇੰਸਪੈਕਟਰ ਮਨਜੀਤ ਸਿੰਘ ਨੇ ਬਲਬੀਰ ਸਿੰਘ ਨੂੰ ਪਿੰਡ ਤੋਂ ਅਗਵਾ ਕਰ ਲਿਆ। ਪੁਲਿਸ ਨੇ ਦੋਵਾਂ ਨੂੰ 3 ਅਪ੍ਰੈਲ ਨੂੰ ਫਗਵਾੜਾ ਸਿਟੀ ਪੁਲਿਸ ਸਟੇਸ਼ਨ ਵਿੱਚ ਦਰਜ ਚੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਦਿਖਾਇਆ। ਉਸੇ ਦਿਨ, ਪੁਲਿਸ ਨੇ ਦਿਖਾਇਆ ਕਿ ਦੋਵੇਂ ਨੌਜਵਾਨ ਪੁਲਿਸ ਹਿਰਾਸਤ ਵਿੱਚੋਂ ਭੱਜ ਗਏ ਸਨ। ਦੋ ਦਿਨ ਬਾਅਦ, 5 ਅਪ੍ਰੈਲ ਨੂੰ, ਸੁਲਤਾਨਪੁਰ ਲੋਧੀ ਪੁਲਿਸ ਵੱਲੋਂ ਦੋਵਾਂ ਨੂੰ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਦਿਖਾਇਆ ਗਿਆ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜਗਤ ਪੰਜਾਬੀ ਸਭਾ ਕੈਨੇਡਾ ਵਲੋਂ 11ਵੀਂ ਵਿਸ਼ਵ ਪੰਜਾਬੀ ਕਾਨਫਰੰਸ 27, 28 ਅਤੇ 29 ਜੂਨ ਨੂੰ ਹੋਵੇਂਗੀ

**ਜਲੰਧਰ (ਕਰਨੈਲ ਸਿੰਘ ਐੱਮ.ਏ.)** ਜਗਤ ਪੰਜਾਬੀ ਸਭਾ ਕੈਨੇਡਾ ਦੀ ਪੰਜਾਬ ਪ੍ਰਧਾਨ ਹਰਕੀਰਤ ਕੌਰ, ਇੰਚਾਰਜ ਸੁਖਜੀਤ ਸਿੰਘ ਚੀਮਾ, ਪ੍ਰਿੰਸੀਪਲ ਤਰਸੇਮ ਸਿੰਘ, ਪ੍ਰੋਫੈਸਰ ਸੁਖਦੇਵ ਸਿੰਘ ਰੰਧਾਵਾ ਨੇ ਪ੍ਰੈੱਸ ਨੂੰ ਸੰਬੋਧਿਤ ਹੁੰਦੇ ਹੋਏ ਸਥਾਨਕ ਪ੍ਰੈੱਸ ਕਲੱਬ ਵਿਖੇ ਕਿਹਾ ਕਿ ਜਗਤ ਪੰਜਾਬੀ ਸਭਾ ਬਰੈਂਪਟਨ ਵੱਲੋਂ ਉਲੀਕੀ 11ਵੀਂ ਵਿਸ਼ਵ ਪੰਜਾਬੀ ਕਾਨਫਰੰਸ 27, 28 ਅਤੇ 29 ਜੂਨ ਨੂੰ ਕੈਨੇਡਾ ਦੀ ਧਰਤੀ 'ਤੇ ਕਰਵਾਈ ਜਾਵੇਗੀ ਜਿਸਦਾ ਵਿਸ਼ਾ "ਨੈਤਿਕਤਾ" ਹੋਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁੱਲਿਤ ਕਰਨ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਉਭਾਰਨ ਦੇ ਮੰਤਵ ਨਾਲ ਜਗਤ ਪੰਜਾਬੀ ਸਭਾ ਇਹ ਕਾਨਫਰੰਸ ਕਰਵਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬੀਆਂ ਨੂੰ ਨੈਤਿਕਤਾ ਦਾ ਗਿਆਨ ਦੇਣਾ ਅਤਿ ਜ਼ਰੂਰੀ ਹੈ।




ਨੈਤਿਕਤਾ ਦੀ ਪੜ੍ਹਾਈ ਤੋਂ ਬਿਨਾਂ ਹਰ ਕਿਸਮ ਦੀ ਪੜ੍ਹਾਈ ਅਧੂਰੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਦੌਰਾਨ 'ਲਘੂ ਫਿਲਮ ਮੁਕਾਬਲੇ ਵੀ ਕਰਵਾਏ ਜਾਣਗੇ, ਜਿਸ ਵਿੱਚ ਤਿੰਨ ਵਿਸ਼ੇ ਹੋਣਗੇ ਜਿਹਨਾਂ ਵਿੱਚ ਅਧਿਆਪਕ, ਨੈਤਿਕਤਾ ਅਤੇ ਮਾਂ ਬੋਲੀ। ਇਸ ਦੌਰਾਨ ਹਰ ਵਿਸ਼ੇ 'ਤੇ ਇੱਕ ਲੱਖ ਦੇ ਕਰੀਬ ਨਗਦ ਇਨਾਮ ਦਿੱਤੇ ਜਾਣਗੇ । ਜ਼ਿਕਰਯੋਗ ਹੈ ਕਿ ਜਗਤ ਪੰਜਾਬੀ ਸਭਾ ਸਮੇਂ-ਸਮੇਂ 'ਤੇ ਨੈਤਿਕਤਾ, ਮਾਂ ਬੋਲੀ ਪੰਜਾਬੀ ਸੰਬੰਧੀ ਕਾਨਫਰੰਸ ਅਤੇ ਸਨਮਾਨ ਸਮਾਰੋਹ ਕਰਵਾਉਂਦੇ ਰਹਿੰਦੇ ਹਨ, ਜਿਸ ਵਿੱਚ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਦੀਆਂ ਉੱਘੀਆਂ ਸ਼ਖਸੀਅਤਾਂ ਸ਼ਿਰਕਤ ਰਹਿੰਦੀਆਂ ਹਨ।

# ਨਰਿੰਦਰ ਦੀਪ ਸਿੰਘ ਦੇ ਕਤਲ ਕੇਸ ਦੀ ਜਾਂਚ ਹਾਈਕੋਰਟ ਦੇ ਜੱਜ ਜਾਂ ਸੀਬੀਆਈ ਹਵਾਲੇ ਕੀਤੀ ਜਾਵੇ - ਲਿਬਰੇਸ਼ਨ

## ਮੁੱਖ ਮੰਤਰੀ ਦੀ ਸੰਵੇਦਨਹੀਣਤਾ ਦੀ ਸਖ਼ਤ ਨਿੰਦਾ, ਐਕਸ਼ਨ ਕਮੇਟੀ ਵਲੋਂ ਦਿੱਤੇ 5 ਜੂਨ ਦੇ ਰੋਸ ਪ੍ਰਦਰਸ਼ਨ ਨੂੰ ਪਾਰਟੀ ਵਲੋਂ ਪੂਰਨ ਸਮਰਥਨ ਦੇਣ ਦਾ ਐਲਾਨ

**ਮਾਨਸਾ, (ਜਸਵੰਤ ਗਿੱਲ ਸਮਾਲਸਰ)**

ਸੀਪੀਆਈ ਐਮ ਐਲ ਲਿਬਰੇਸ਼ਨ ਨੇ ਗੋਨੇਆਣਾ ਦੇ ਇਕ ਨੌਜਵਾਨ ਪ੍ਰਾਈਵੇਟ ਟੀਚਰ ਨਰਿੰਦਰ ਦੀਪ ਸਿੰਘ ਨੂੰ ਸੀਆਈਏ ਬਠਿੰਡਾ ਵਲੋਂ ਅਣਮਨੁੱਖੀ ਤਸੀਹੇ ਦੇ ਕੇ ਮਾਰਨ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਉਸ ਦੇ ਪਰਿਵਾਰ ਨੂੰ ਇਨਸਾਫ ਤੇ ਕਾਤਲ ਪੁਲਸੀਆ ਨੂੰ ਸਜ਼ਾ ਦਿਵਾਉਣ ਲਈ ਚੱਲ ਰਹੇ ਜਨਤਕ ਸੰਘਰਸ਼ ਨੂੰ ਡੱਟਵਾਂ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਪਾਰਟੀ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਜਾਪਦਾ ਹੈ ਭਗਵੰਤ ਮਾਨ ਸਰਕਾਰ ਨੇ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਕਿ ਉਹ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਜਾਂ ਤਸ਼ੱਦਦ ਕਰਕੇ ਨੌਜਵਾਨਾਂ ਨੂੰ ਖਤਮ ਕਰ ਸਕਦੀ ਹੈ। ਇਸੇ ਸਿਲਸਿਲੇ ਵਿੱਚ ਸੀਆਈਏ ਸਟਾਫ਼ ਬਠਿੰਡਾ ਨੇ 23 ਮਈ ਨੂੰ ਨਰਿੰਦਰ ਦੀਪ ਸਿੰਘ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ, ਪਰ ਐਨੇ ਦਿਨ ਬਾਅਦ ਵੀ ਪਰਿਵਾਰ ਅਤੇ ਆਮ ਲੋਕ ਇਹ ਜਾਨਣਾ ਚਾਹੁੰਦੇ ਨੇ ਕਿ ਆਖਰ ਨਰਿੰਦਰ ਦਾ ਗੁਨਾਹ ਕੀ ਸੀ? ਮੁੱਖ ਮੰਤਰੀ ਮਾਨ ਦੀ ਸੰਵੇਦਨਹੀਣਤਾ ਦਾ ਆਲਮ ਇਹ ਹੈ ਕਿ ਦੋ ਦਿਨ ਗੋਨੇਆਣਾ ਦੇ ਬਿਲਕੁਲ ਕਰੀਬ ਬਠਿੰਡਾ ਵਿੱਚ ਗੁਜ਼ਾਰਨ ਦੇ ਬਾਵਜੂਦ ਉਨ੍ਹਾਂ ਨੇ ਪੁਲਿਸ ਵਲੋਂ ਮਾਰ ਦਿਤੇ ਗਏ ਨੌਜਵਾਨ ਦੇ ਦੁੱਖੀ ਤੇ ਪੀੜਤ ਪਰਿਵਾਰ ਨਾਲ ਹਮਦਰਦੀ ਜ਼ਾਹਰ ਕਰਨ ਲਈ ਵੀ ਪੰਜ ਮਿੰਟ ਨਹੀਂ ਕੱਢੇ।

ਬਿਆਨ ਵਿੱਚ ਮੰਗ ਕੀਤੀ ਗਈ ਹੈ ਕਿ ਇਸ ਕੇਸ ਦੀ ਐਫ਼ ਆਈ ਆਰ ਵਿੱਚ ਜੋ ਗੈਰ ਇਰਾਦਤਨ ਕਤਲ ਦੀ ਧਾਰਾ ਲਾਈ ਹੈ, ਉਸ ਦੀ ਬਜਾਏ ਸਿੱਧੀ ਕਤਲ ਦੀ ਧਾਰਾ ਲਾਈ ਜਾਵੇ ਅਤੇ ਇਸ ਦੀ ਜਾਂਚ ਹਾਈਕੋਰਟ ਦੇ ਜੱਜ ਦੇ ਜਾਂ ਸੀਬੀਆਈ ਦੇ ਹਵਾਲੇ ਕੀਤੀ ਜਾਵੇ, ਕਿਉਂਕਿ ਪੁਲੀਸ ਉਤੇ ਪਰਿਵਾਰ ਤੇ ਜਨਤਾ ਨੂੰ ਕੋਈ ਯਕੀਨ ਨਹੀਂ ਬਚਿਆ। ਲਿਬਰੇਸ਼ਨ ਪਾਰਟੀ ਨੇ ਇਸ ਕਤਲ ਕਾਂਡ ਸਬੰਧੀ ਬਣੀ ਐਕਸ਼ਨ ਕਮੇਟੀ ਵੱਲੋਂ ਇਨਸਾਫ਼ ਲੈਣ ਲਈ 5 ਜੂਨ ਨੂੰ ਐਸ ਐਸ ਪੀ ਬਠਿੰਡਾ ਦੇ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਦੇ ਸੱਦੇ ਨੂੰ ਪੂਰਨ ਹਿਮਾਇਤ ਦੇਣਾ ਦਾ ਵੀ ਐਲਾਨ ਕੀਤਾ ਹੈ।

# ਵਿਧਾਨ ਸਭਾ ਹਲਕਾ ਫਿਲੌਰ ਦੀ ਜ਼ਰੂਰੀ ਮੀਟਿੰਗ 4/6/2025 ਨੂੰ



**ਫਿਲੌਰ/ਅੱਪਰਾ (ਦੀਪਾ)–** ਖੁਸ਼ੀ ਰਾਮ ਜ਼ਿਲ੍ਹਾ ਪ੍ਰਭਾਰੀ ਇੰਚਾਰਜ਼ ਵਿਧਾਨ ਸਭਾ ਹਲਕਾ ਫਿਲੌਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਸਪਾ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੂਰੇ ਪੰਜਾਬ ਵਿੱਚ ਪੰਜਾਬ ਸੰਭਾਲੋ ਮੁਹਿੰਮ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਮਹਿਜ਼ ਇੱਕ ਡਰਾਮਾ ਸਾਬਤ ਹੋਈ ਹੈ ਅਤੇ ਆਪ ਸਰਕਾਰ ਵੀ ਪਹਿਲੀਆਂ ਸਰਕਾਰਾਂ ਅਕਾਲੀ ਭਾਜਪਾ, ਕਾਂਗਰਸ ਵਾਂਗ ਬੁਰੀ ਤਰਾਂ ਫੇਲ੍ਹ ਸਾਬਤ ਹੋਇਆ ਹਨ ਹੁਣ ਤੱਕ ਸਰਕਾਰ ਦੀਆਂ ਦਿੱਤੀਆਂ ਗੰਰਾਟੀ ਲਾਰਾ ਬਣਕੇ ਹੀ ਰਹਿ ਗਈਆਂ ਹਨ ਪੰਜਾਬ ਅੰਦਰ ਕੋਈ ਵੀ ਵਰਗ ਆਪਣੇ ਆਪ ਨੂੰ ਸਰਖਤ ਮਹਿਸੂਸ ਨਹੀਂ ਕਰ ਰਿਹਾ ਬਹੁਜਨ ਸਮਾਜ ਪਾਰਟੀ ਲੋਕ ਮੁੱਦਿਆਂ ਨੂੰ ਗੰਭੀਰਤਾ ਨਾਲ ਲੈ ਰਹੀ ਅਤੇ ਪੰਜਾਬ ਵਾਸੀਆਂ ਦੇ ਨਾਲ ਹਮੇਸ਼ਾ ਚਟਾਨ ਵਾਂਗ ਖੜ੍ਹੀ ਹੈ ਹਲਕਾ ਫਿਲੌਰ ਅੰਦਰ ਵੀ ਪੰਜਾਬ ਸੰਭਾਲੋ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਜ਼ਰੂਰੀ ਮੀਟਿੰਗ ਮਿਤੀ 4 ਜੂਨ ਦਿਨ ਬੁੱਧਵਾਰ ਨੂੰ ਸ਼ਾਮ 4 ਵਜੇ ਆਰ ਸੀ ਪਲਾਜ਼ਾ ਵਿਖੇ ਸੰਗਠਨ ਦੀ ਮਜ਼ਬੂਤੀ ਲਈ ਰੱਖੀ ਗਈ ਹੈ ਉਸ ਮੀਟਿੰਗ ਵਿੱਚ ਸਾਥੀਆਂ ਨੂੰ ਪੁਹੰਚਣ ਦੀ ਅਪੀਲ ਕਰਦੇ ਹਾਂ।

# ਫਿਲੌਰ ਪੁਲਿਸ ਨੇ ਦੋ ਨਸ਼ਾ ਤਸਕਰਾਂ ਨੂੰ 101 ਨਸ਼ੀਲੇ ਕੈਪਸੂਲਾਂ ਸਮੇਤ ਕੀਤਾ ਗ੍ਰਿਫਤਾਰ




**ਫਿਲੌਰ/ਅੱਪਰਾ (ਦੀਪਾ)–** ਥਾਣਾ ਫਿਲੌਰ ਦੀ ਪੁਲਿਸ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿਮ ਦੇ ਤਹਿਤ ਅੱਪਰਾ ਤੋਂ ਦੋ ਨਸ਼ਾ ਤਸਕਰਾਂ ਨੂੰ 101 ਨਸ਼ੀਲੇ ਕੈਪਸੂਲਾਂ ਸਮੇਤ ਗਿਫਤਾਰ ਕਰਨ 'ਚ ਸਫਲਤਾ ਪ੍ਰਾਪਤ ਕੀਤੀ ਹੈ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ ਫਿਲੌਰ ਸ. ਸਰਵਣ ਸਿੰਘ ਬੱਲ ਨੇ ਦੱਸਿਆ ਕਿ ਇੰਸਪੈਕਟਰ ਸੰਜੀਵ ਕਪੂਰ ਥਾਣਾ ਮੁਖੀ ਫਿਲੌਰ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਦੋ ਨਸ਼ਾ ਤਸਕਰਾਂ ਜਗਜੀਤ ਸਿੰਘ ਉਰਫ ਜੱਗੀ ਪੁੱਤਰ ਇੰਦਰਜੀਤ ਸਿੰਘ ਤੇ ਸੁਰਜੀਤ ਸਿੰਘ ਉਰਫ ਰਾਜਾ ਪੁੱਤਰ ਸੁੱਚਾ ਰਾਮ ਦੋਵੇਂ ਵਾਸੀ ਪਿੰਡ ਮੋਂਰੋਂ ਨੇੜੇ ਅੱਪਰਾ ਥਾਣਾ ਫਿਲੌਰ ਨੂੰ 101 ਨਸ਼ੀਲੇ ਕੈਪਸੂਲ ਮਾਰਕਾ ਸਪਾਸਮੈੱਡ ਬਰਾਮਦ ਕੀਤੇ ਹਨ । ਕਥਿਤ ਦੋਸ਼ੀਆਂ ਦੇ ਖਿਲਾਫ਼ ਥਾਣਾ ਫਿਲੌਰ ਵਿਖੇ ਐੱਨ. ਡੀ. ਪੀ. ਐੱਸ. ਐਕਟ ਦੀ ਧਾਰਾ 22-61-85 ਤਹਿਤ ਮਕੱਦਮਾ ਦਰਜ ਕਰ ਲਿਆ ਹੈ । ਡੀ.ਐੱਸ. ਪੀ ਫਿਲੌਰ ਨੇ ਅੱਗੇ ਦੱਸਿਆ ਕਿ ਉਕਤ ਦੋਸ਼ੀ ਵੱਖ ਵੱਖ ਥਾਵਾਂ ਤੋਂ ਵੱਖ ਵੱਖ ਸਾਧਨਾਂ 'ਤੇ ਨਸ਼ਾ ਖਰਦੀ ਕੇ ਫਿਲੌਰ ਇਲਾਕੇ 'ਚ ਵੱਡੀ ਪੱਧਰ 'ਤੇ ਵੇਚਦੇ ਸਨ, ਜਿਨਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ ।

# ਔਜਲਾ ਢੱਕ ਵਿਖੇ ਸਾਲਾਨਾ ਜੋੜ ਮੇਲਾ 4 ਜੂਨ ਨੂੰ




**ਫਿਲੌਰ/ਅੱਪਰਾ (ਦੀਪਾ)**–ਹਰ ਸਾਲ ਦੀ ਤਰਾਂ ਇਸ ਸਾਲ ਵੀ ਕਰੀਬੀ ਪਿੰਡ ਔਜਲਾ ਢੱਕ ਵਿਖੇ ਸਥਿਤ ਧੰਨ ਧੰਨ ਬਾਬਾ ਸਮਾਧ ਵਾਲਾ ਜੀ ਦੇ ਪਵਿੱਤਰ ਅਸਥਾਨ 'ਤੇ ਸਾਲਾਨਾ ਜੋੜ ਮੇਲਾ ਮਿਤੀ 4 ਜੂਨ ਦਿਨ ਬੁੱਧਵਾਰ ਨੂੰ ਮੁੱਖ ਸੇਵਾਦਾਰ ਵਰਿੰਦਰ ਸੋਨੂੰ ਤੇ ਸਮੂਹ ਰਤਨਾ ਪਰਿਵਾਰ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ । ਇਸ ਮੌਕੇ ਸ਼ਾਮ 4 ਵਜੇ ਚਾਦਰ ਤੇ ਝੰਡੇ ਦੀ ਰਸਮ ਹੋਵੇਗੀ । ਰਾਤ 8 ਵਜੇ ਰਾਜ ਲੋਈ ਕੱਵਾਲ ਐਂਡ ਪਾਰਟੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ ਤੇ ਰਾਤ 10 ਵਜੇ ਹਰਨੇਕ ਜੈਸਮੀਨ ਨੱਕਾਲ ਐਂਡ ਪਾਰਟੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ । ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ ।

ਸਮਾਜ ਵੀਕਲੀ ਨਿਊਜ਼

# ਜਦੋਂ ਗੋਰਿਆਂ ਨੇ ਵੀ ਜੂਨ 84 ਦੇ ਘੁਲੂਘਾਰੇ ਵਿਰੁੱਧ ਸਿੱਖਾਂ ਦੇ ਹੱਕ ਚ ਮਾਰਿਆ ਹਾਅ ਦਾ ਨਾਅਰਾ

## ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਚੋਂ ਵੱਡੀ ਗਿਣਤੀ ਚ ਸੰਗਤਾਂ ਰੋਸ ਮੁਜ਼ਾਹਰੇ ਚ ਸ਼ਾਮਿਲ ਹੋਣ ਲਈ ਲੰਡਨ ਪੁੱਜੀਆਂ





**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**–ਜੂਨ 1984 ਚ ਵਾਪਰੇ ਸਾਕਾ ਨੀਲਾ ਤਾਰਾ ਦੇ ਵਿਰੋਧ ਚ ਸਿੱਖ ਫੈਡਰੇਸ਼ਨ ਯੂ ਕੇ ਸਮੇਤ ਇੰਗਲੈਂਡ ਦੀਆਂ ਹੋਰ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਸਾਂਝੇ ਤੋਰ ਤੇ ਹਰ ਸਾਲ ਜੂਨ ਮਹੀਨੇ ਚ ਲੰਡਨ ਵਿਖੇ ਕੀਤੇ ਜਾਂਦੇ ਰੋਸ ਪ੍ਰਦਰਸ਼ਨ ਦੇ ਸਬੰਧ ਚ ਅੱਜ 1 ਜੂਨ ਦਿਨ ਐਤਵਾਰ ਨੂੰ ਲੰਡਨ ਵਿਖੇ ਹੋ ਕੀਤੇ ਗਏ ਰੋਸ ਪ੍ਰਦਰਸ਼ਨ ਵਿੱਚ ਚ ਸ਼ਾਮਿਲ ਲਈ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਚ ਸਿੱਖ ਸੰਗਤਾਂ ਲੰਡਨ ਦੇ ਤਰਾਫਲਗਰ ਸੁਕੇਐਰ ਪੁੱਜੀਆਂ।ਇਸ ਸਬੰਧ ਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਲੈਸਟਰ, ਬ ਰ ਮਿੰ ਘ ਮ , ਵੂ ਲ ਵ ਰ ਹੈ ਪ ਟ ਨ , ਕੁਵੈਂਟਰੀ, ਮਾਨਚੈਸਟਰ, ਨੋ ਟਿੰ ਘ ਮ , ਨੋ ਰ ਥ ਹੈ ਪ ਟ ਨ , ਡਰਬੀ,ਸਮੋਦਿਕ, ਸਮੇਤ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਤੋਂ ਵੱਡੀ



ਗਿਣਤੀ ਚ ਸਿੰਘ ਸੰਗਤਾਂ ਬੱਸਾਂ ਅਤੇ ਹੋਰ ਵਾਹਨਾਂ ਤੇ ਸਵਾਰ ਹੋ ਕੇ ਲੰਡਨ ਦੇ ਤਰਾਫਲਗਰ ਸੁਕੇਅਰ ਪੁੱਜੀਆਂ। ਇੰਗਲੈਂਡ ਦੇ ਸ਼ਹਿਰ ਲੈਸਟਰ ਤੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਈਸਟ ਪਾਰਕਕ ਰੋਡ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ, ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਓਡਬੀ ਤੋਂ ਵੱਡੀ ਗਿਣਤੀ ਸੰਗਤਾਂ ਇਸ ਰੋਸ ਮੁਜ਼ਾਹਰੇ ਚ ਪੁੱਜੀਆਂ । ਇਸ ਰੋਸ ਪ੍ਰਦਰਸ਼ਨ ਚ 100 ਤਾਂ ਹਟਣ ਤੋਂ ਸਿੱਖ ਫੈਡਰੇਸ਼ਨ ਯੂਕੇ ਦੇ ਚੇਅਰਮੈਨ ਅਮਰੀਕ ਸਿੰਘ ਗਿੱਲ, ਲੈਸਟਰ ਤੋਂ ਕੁਲਦੀਪ ਸਿੰਘ ਚਹੇੜੂ,ਗੁਰਨਾਮ ਸਿੰਘ ਨਵਾਂ ਸਹਿਰ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਲੈਸਟਰ,ਸ ਸਤਵਿੰਦਰ ਸਿੰਘ ਦਿਓਲ ਜਨਰਲ ਸਕੱਤਰ, ਸ ਅੰਮ੍ਰਿਤਪਾਲ ਸਿੰਘ, ਜਸਵਿੰਦਰ ਸਿੰਘ ਸੁਰਿੰਦਰ ਪਾਲ ਸਿੰਘ ਪਲਵਿੰਦਰ ਸਿੰਘ ਅਰਜਿੰਦਰ ਸਿੰਘ, ਮਨਦੀਪ ਸਿੰਘ ਚਿੱਟੀ ,ਜਗਦੀਪ ਸਿੰਘ ,ਭਜਨ ਸਿੰਘ ਢਾਡੀ, ਹਰਭਜਨ ਸਿੰਘ, ਜਗਦੀਪ ਸਿੰਘ ਨਿਰਮਲ ਸਿੰਘ ਅਮਰਜੀਤ ਸਿੰਘ ਮਨਿਹਾਸ ਜਗਜੀਤ ਸਿੰਘ, ਜਤਿੰਦਰ ਸਿੰਘ,ਲਵਿੰਦਰ ਸਿੰਘ, ਬਲਜੀਤ ਸਿੰਘ ਸਮੇਤ ਵੱਡੀ ਗਿਣਤੀ ਚ ਸੰਗਤਾਂ ਇਸ ਰੋਸ ਮੁਜਾਰੇ ਚ ਸ਼ਾਮਿਲ ਹੋਣ ਲਈ ਲੰਡਨ ਪੁੱਜੀਆਂ। ਰੋਸ ਪ੍ਰਦਰਸ਼ਨ ਚ ਸ਼ਾਮਿਲ ਹੋਣ ਲਈ ਜਾਂ ਰਹੀਆਂ ਸੰਗਤਾਂ ਲਈ ਰਸਤੇ ਜਿੱਥੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ, ਉੱਥੇ ਵੱਡੀ ਗਿਣਤੀ ਚ ਬ੍ਰਿਟਿਸ਼ ਲੋਕਾਂ ਨੇ ਗੋਰਿਆਂ ਨੇ ਵੀ ਜੂਨ 1984 ਚ ਵਾਪਰੇ ਘੱਲੂਘਾਰੇ ਤੇ ਰੋਸ ਪ੍ਰਗਟ ਕਰਦਿਆਂ ਇੰਗਲੈਂਡ ਦੇ ਬ੍ਰਿਟਿਸ਼ ਲੋਕਾਂ ਗੋਰਿਆਂ ਨੇ ਵੀ ਸਿੱਖਾਂ ਦੇ ਨਾਲ ਸ਼ਾਮਿਲ ਹੋ ਕੇ ਜਿੱਥੇ ਉਸ ਵੇਲੇ ਦੀ ਮੌਜੂਦਾ ਸਰਕਾਰ ਦੀ ਵਿਰੋਧਤਾ ਕੀਤੀ ਉੱਥੇ ਸਿੱਖਾ ਨੂੰ ਇਨਸਾਫ ਦਵਾਉਣ ਦੀ ਵੀ ਮੰਗ ਕੀਤੀ ।

ਸਮਾਜ ਵੀਕਲੀ ਨਿਊਜ਼

# ਸਰਕਾਰੀ ਕੰਨਿਆ ਹਾਈ ਸਕੂਲ ਨਗਰ ਦਾ 8ਵੀਂ ਤੇ 10ਵੀਂ ਦਾ ਨਤੀਜਾ ਸ਼ਾਨਦਾਰ ਰਿਹਾ




**ਫਿਲੌਰ/ਅੱਪਰਾ (ਦੀਪਾ)**–ਸਰਕਾਰੀ ਕੰਨਿਆ ਹਾਈ ਸਕੂਲ ਨਗਰ ਦੇ ਸ਼ੈਸ਼ਨ 2024-25 ਦਾ 8ਵੀਂ ਤੇ 10ਵੀਂ ਦਾ ਨਤੀਜਾ ਸ਼ਾਨਦਾਰ ਰਿਹਾ । 8ਵੀਂ ਕਲਾਸ 'ਚ 7 ਵਿਦਿਆਥਣਾਂ ਨੇ 90 ਪ੍ਰਤੀਸ਼ਤ ਅੰਕ ਤੇ 16 ਵਿਦਿਆਰਥਣਾਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ । ਇਸੇ ਤਰਾਂ 10ਵੀਂ ਕਲਾਸ 'ਚ 10 ਵਿਦਿਆਰਥਣਾਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ । ਸਕੂਲ ਮੁਖੀ ਸ੍ਰੀ ਕਿਰਨ ਕੁਮਾਰ ਸ਼ਰਮਾ ਦੇ ਇਸ ਉਪਲੱਬਧੀ ਲਈ ਸਕੂਲ ਸਟਾਫ਼ ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ।

for more news visit:
www.samajweekly.com

# ਐਫ਼ ਐਸ ਸੀ ਸੀਨੀਅਰ ਸੈਕੰਡਰੀ ਸਕੂਲ ਜੰਡਿਆਲਾ ਵਿਖੇ 10 ਵੀਂ ਅਤੇ 12 ਵੀਂ ਦੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ

**ਬੰਗਾ( ਚਰਨਜੀਤ ਸੱਲ੍ਹਾਂ )** ਅੱਜ ਐਫ ਐਸ ਸੀ ਸੀਨੀ. ਸਕੈਂ. ਸਕੂਲ ਜੰਡਿਆਲਾ ਵਿਖੇ 10ਵੀਂ ਤੇ 12ਵੀਂ ਕਲਾਸ ਚੋਂ ਪਹਿਲੀਆਂ ਪੁਜੀਸ਼ਨਾ ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਸਾਲ ਸਕੂਲ ਦਾ ਦੱਸਵੀਂ ਕਲਾਸ ਦਾ ਨਤੀਜਾ 100% ਤੇ ਬਾਹਰਵੀਂ ਕਲਾਸ ਦਾ ਨਤੀਜਾ 97% ਆਉਣ ਤੇ ਖੁਸ਼ੀ ਜਾਹਿਰ ਕਰਦਿਆਂ ਸਕੂਲ ਸਟਾਫ ਤੇ ਪ੍ਰਿੰਸੀਪਲ ਸਾਹਿਬ ਨੂੰ ਸਮੂੰਹ ਕਮੇਟੀ ਤੇ ਪਿੰਡ ਜੰਡਿਆਲਾ ਦੀ ਪੰਚਾਇਤ ਨੇ ਵਧਾਈ ਦਿੱਤੀ ਤੇ ਅਧਿਆਪਕ ਜੋ ਕਿ ਬਹੁਤ ਹੀ ਥੋੜੀਆਂ ਤਨਖਾਹਾਂ ਹੋਣ ਦੇ ਬਾਵਜੂਦ ਬੱਚਿਆਂ ਨੂੰ ਮਿਆਰੀ ਸਿਖਿਆ ਦੇ ਰਹੇ ਹਨ ਉਨ੍ਹਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਜੰਡਿਆਲਾਵੈਲਫੇਅਰ ਕਮੇਟੀ ਵਲੋਂ ਜਿਹੜਾ ਬੱਚਾ ਮੈਰਿਟ ਵਿੱਚ ਆਵੇਗਾ ਉਸ ਨੂੰ ਕੈਸ਼ ਇਨਾਮ ₹5000/- ਦੇਣ ਦਾ ਐਲਾਨ ਵੀ ਕੀਤਾ।



ਸਮਾਜ ਵੀਕਲੀ ਨਿਊਜ਼

ਇਸ ਸਮੇ ਸਕੂਲ ਸਟਾਫ ਤੋ ਇਲ-ਾਵਾ ਸਰਪੰਚ ਸੁਖਵਿੰਦਰ ਸਿੰਘ, ਬਲਜੀਤ ਕੂਨਰ, ਨਰੇਸ਼ ਕੁਮਾਰ ਜਸਵਿੰਦਰ ਮਹਿਮੀ, ਪਰਮਿੰਦਰ ਕਲੇਰਾ, ਬਲਜਿੰਦਰ ਸਿੰਘ, ਰਾਜ ਕੁਮਾਰ, ਸੁਭਾਸ ਧੰਮਾ, ਜਸਵੀਰ ਰਾਮ ਪੰਚ, ਲੇਖ ਰਾਜ, ਰੇਸ਼ਮ ਕੌਰ ਪੰਚ,ਹਰਪ੍ਰੀਤ ਹੈਪੀ, ਬਲਜੀਤ ਸਿੰਘ ਪੰਚ, ਸੁਖਵਿੰਦਰ ਸਿੰਘ ਕੋਟ ਫਤੂਹੀ, ਸ਼ੰਦੀਪ ਸਿੰਘ ਕਾਲੂਪੁਰ ਯੂਥ ਪ੍ਰਧਾਨ ਆਮ ਆਦਮੀ ਪਾਰਟੀ ਬਲਾਕ ਮਾਹਿਲਪੁਰ, ਸੋਨੂੰ ਪੰਚ ਯੂਥ ਪ੍ਰਧਾਨ ਕੋਟ ਫਤੂਹੀ , ਬਲਵੀਰ ਰਾਮ, ਅਵਤਾਰ ਚੰਦ ਪੰਚ ਆਦਿ ਹਾਜਰ ਸਨ।

# ਸਰਕਾਰੀ ਕਾਲਜ ਵਿੱਚ 'ਵਿਸ਼ਵ ਤੰਬਾਕੂ ਰਹਿਤ ਦਿਵਸ' ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ. ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਕਾਲਜ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਹੇਠ ਇੰਚਾਰਜ ਪ੍ਰੋ. ਵਿਜੇ ਕੁਮਾਰ ਦੇ ਸਹਿਯੋਗ ਨਾਲ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ। ਸੈਮੀਨਾਰ, ਸਹੁੰ ਚੁੱਕ ਸਮਾਗਮ ਅਤੇ ਪੋਸਟਰ ਬਣਾਉਣ ਦੇ ਪ੍ਰੋਗਰਾਮ ਆਯੋਜਿਤ ਕਰਕੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਈ ਗਈ ਤਾਂ ਜੋ ਸਟਾਫ਼ ਅਤੇ ਵਿਦਿਆਰਥੀ ਇਸ ਤੋਂ ਦੂਰ ਰਹਿਣ ਅਤੇ ਦੂਜਿਆਂ ਨੂੰ ਇਸ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ। ਕਾਲਜ ਪ੍ਰਿੰਸੀਪਲ ਅਨੀਤਾ ਸਾਗਰ ਨੇ ਆਪਣੇ ਸੰਬੋਧਨ ਵਿੱਚ ਤੰਬਾਕੂ ਦੇ ਸਾਡੀ ਸਿਹਤ 'ਤੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਹ ਸਾਨੂੰ ਇਸ ਤਰ੍ਹਾਂ ਨੁਕ-ਸਾਨ ਪਹੁੰਚਾਉਂਦਾ ਹੈ ਕਿ ਅਸੀਂ ਮੌਤ ਤੋਂ ਪਹਿਲਾਂ ਹੀ ਜਿਉਂਦੇ ਮੁਰਦੇ ਬਣ ਜਾਂਦੇ ਹਾਂ ਅਤੇ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਾਂ, ਇਸ ਲਈ ਸਾਨੂੰ ਇਸਦਾ ਸੇਵਨ ਕਦੇ ਵੀ ਨਹੀਂ ਕਰਨਾ ਚਾਹੀਦਾ। ਪ੍ਰੋ. ਇਸ ਮੌਕੇ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਵਿਜੇ ਕੁਮਾਰ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਪੜ੍ਹੇ-ਲਿਖੇ ਲੋਕ ਵੀ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਹਨ, ਭਾਵੇਂ ਕਿ ਪੈਕੇਟਾਂ 'ਤੇ ਉਨ੍ਹਾਂ ਦੇ ਸੇਵਨ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਚੇਤਾਵਨੀਆਂ ਲਿਖੀਆਂ ਹੁੰਦੀਆਂ ਹਨ। ਇਸੇ ਲਈ ਕਿਹਾ ਜਾਂਦਾ ਹੈ ਕਿ ਅੱਜਕੱਲ੍ਹ ਬਹੁਤ ਸਾਰੇ ਪੜ੍ਹੇ-ਲਿਖੇ ਲੋਕ ਵੀ ਮੂਰਖ ਹਨ। ਜਦੋਂ ਕਿ ਇਹ ਉਨ੍ਹਾਂ ਦਾ ਫਰਜ਼ ਹੈ ਕਿ



ਉਹ ਅਨਪੜ੍ਹ ਲੋਕਾਂ ਨੂੰ ਵੀ ਇਨ੍ਹਾਂ ਨੂੰ ਖਾਣ ਤੋਂ ਰੋਕ ਕੇ ਆਪਣਾ ਫਰਜ਼ ਪੂਰਾ ਕਰਨ ਤਾਂ ਜੋ ਸਮਾਜ ਵਿੱਚੋਂ ਤੰਬਾਕੂ ਨੂੰ ਖਤਮ ਕੀਤਾ ਜਾ ਸਕੇ। ਇਸ ਮੌਕੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਸਹੁੰ ਚੁਕਾਈ ਗਈ ਅਤੇ ਵਿਦਿਆਰਥਣਾਂ ਖੁਸ਼ਬੂ ਅਤੇ ਸ਼ਾਈਨ ਨੇ ਪੋਸਟਰ ਬਣਾ ਕੇ ਵਿਸ਼ੇ ਅਨੁਸਾਰ ਜਾਗਰੂਕਤਾ ਫੈਲਾਈ। ਇਸ ਮੌਕੇ ਕਾਲਜ ਪ੍ਰਿੰਸੀਪਲ ਅਨੀਤਾ ਸਾਗਰ ਜੀ, ਪ੍ਰੋ: ਵਿਜੇ ਕੁਮਾਰ, ਪ੍ਰੋ: ਅਰੁਣਾ ਰਾਣੀ, ਪ੍ਰੋ: ਪਰਮਜੀਤ ਕੌਰ, ਪ੍ਰੋ: ਹਰਜਿੰਦਰ ਅਮਨ, ਪ੍ਰੋ: ਨੀਤੀ ਸ਼ਰਮਾ, ਪ੍ਰੋ: ਸ਼ਸ਼ੀ, ਨਿਰਮਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਕਿਸੇ ਵਰਤਾਰੇ ਬਾਰੇ ਸਹੀ ਨਜ਼ਰੀਆ ਬਣਾਉਣ ਵਿੱਚ, ਕਿਤਾਬਾਂ ਵੱਡੀ ਭੂਮਿਕਾ ਅਦਾ ਕਰਦੀਆਂ ਹਨ, ਇੰਜੀ. ਜਸਵੀਰ ਸਿੰਘ ਮੋਰੋਂ



**ਫਿਲੌਰ/ਅੱਪਰਾ (ਦੀਪਾ)–** ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫਤਰ ਬੰਗਾ,ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਗਿਆਨ ਵੰਡਣ ਦੀ ਮੁਹਿੰਮ ਮੁਫ਼ਤ ਪੁਸਤਕਾਂ ਰਾਹੀਂ ਸ਼ੁਰੂ ਕੀਤੀ ਹੋਈ ਹੈ। ਜਿਸ ਤਹਿਤ ਪਿੰਡਾਂ ਵਿੱਚ ਸਮਾਗਮਾਂ ਦੌਰਾਨ ਅਤੇ ਸਕੂਲਾਂ ਵਿੱਚ ਜਾ ਕੇ ਗਿਆਨ, ਵਿਗਿਆਨ ਨਾਲ ਸੰਬੰਧਿਤ ਬਿਲਕੁੱਲ ਮੁਫਤ ਕਿਤਾਬਾਂ ਵੰਡੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਪਿੰਡ ਮੀਰਪੁਰ ਲੱਖਾ, ਬਲਾਕ ਔੜ ਵਿਖੇ ਬੱਚਿਆ ਨੂੰ ਮੁਫਤ ਕਿਤਾਬਾਂ ਵੰਡੀਆਂ ਗਈਆਂ ।ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਇੰਨਚਾਰਜ ਸ੍ਰੀ ਸ੍ਾਮ ਸਿੰਘ, ਇੰਜ੍ਹੀ. ਜਸਵੀਰ ਸਿੰਘ ਮੋਰੋਂ, ਦਲਵੀਰ ਮਾਹੀ ਬੇਗੋਵਾਲ,ਸ੍ਰੀ ਮਨਪ੍ਰੀਤ ਸਿੰਘ ਪੰਚ ਹਾਜ਼ਰ ਸਨਲ ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਇੰਜੀ.ਸ੍ਰੀ ਜਸਵੀਰ ਸਿੰਘ ਮੋਰੋਂ ਨੇ ਕਿਹਾ ਕਿ ਕਿਸੇ ਵਰਤਾਰੇ ਬਾਰੇ ਸਹੀ ਨਜ਼ਰੀਆ ਬਣਾਉਣ ਵਿੱਚ ਕਿਤਾਬਾਂ ਵੱਡੀ ਭੂਮਿਕਾ ਅਦਾ ਕਰਦੀਆਂ ਹਨ ਲਜੋ ਕੁੱਝ ਵੀ ਪੜ੍ਹਿਆ ਜਾਵੇ,ਉਸ ਨੂੰ ਵਿਚਾਰਿਆ ਜਾਵੇ ਅਤੇ ਵਿਚਾਰ ਕਰਕੇ ਪ੍ਰਾਪਤ ਕੀਤੀ ਸਿੱਖਿਆ ਨੂੰ ਆਪਣੇ ਜੀਵਨ ਵਿੱਚ ਲਾਗੂ ਕੀਤਾ ਜਾਵੇ ਲ ਸਿੱਖਣ ਅਤੇ ਜਾਨਣ ਦਾ ਸਿਲਸਿਲਾ ਨਿਰੰਤਰ ਜਾਰੀ ਰੱਖਣਾ ਚਾਹੀਦਾ ਹੈ ਤਾਂ ਕਿ ਸੋਚ ਨੂੰ ਸਮੇਂ ਦੀ ਹਾਣੀ ਬਣਾਇਆ ਜਾ ਸਕੇ ਲਇਸ ਮੌਕੇ ਸ੍ਰੀ ਨਿੰਦਰ ਮਾਈਦਿੱਤਾ ਸਰਪੰਚ ਜੀ ਨੇ ਜਾਦੂ ਦੇ ਟ੍ਰਿਕ ਦਿਖਾ ਕੇ ਬੱਚਿਆਂ ਦਾ ਮੰਨੋਰੰਜਨ ਕੀਤਾ ਅਤੇ ਨਾਲ ਹੀ ਜਾਦੂ ਬਾਰੇ ਸਮਾਜ ਵਿੱਚ ਚੱਲ ਰਹੇ ਭਰਮ, ਭੁਲੇਖਿਆਂ ਬਾਰੇ ਵਿਚਾਰਾਂ ਰਾਹੀਂ ਰੌਸ਼ਨੀ ਪਾਈਲਉਹਨਾਂ ਕਿਹਾ ਜਾਦੂ ਇੱਕ ਕਲਾ ਹੈ ਲਇਸ ਨੂੰ ਤਜਰਬੇ ਰਾਹੀਂ ਕੋਈ ਵੀ ਕਰ ਸਕਦਾ ਹੈ ਲਜਾਦੂ ਦਾ ਹਰ ਖੇਡ ਗਤੀ, ਰਸਾਇਣਿਕ ਕਿਰਿਆ ਅਤੇ ਵਿਸ਼ੇਸ਼ ਤੌਰ ਤੇ ਜਾਦੂ ਕਰਨ ਦੀ ਲੋੜ ਅਨੁਸਾਰ ਤਿਆਰ ਕੀਤੇ ਸਮਾਨ ਨਾਲ ਕਰਕੇ ਦਿਖਾਇਆ ਜਾਂਦਾ ਹੈ ਲਇਸ ਵਿੱਚ ਕਿਸੇ ਵੀ ਗ਼ੈਬੀ ਸ਼ਕਤੀ ਦੀ ਕੋਈ ਭੂਮਿਕਾ ਨਹੀਂ ਹੁੰਦੀਲਇਹਨਾਂ ਤੋਂ ਇਲਾਵਾ ਦਲਵੀਰ ਮਾਹੀ ਨੇ ਬੱਚਿਆਂ ਨੂੰ ਪੜ੍ਹਨ ਦੇ ਮਕਸਦ ਬਾਰੇ ਸਵਾਲ ਖੜ੍ਹਾ ਕੀਤਾ ਲ ਇੱਕ ਉਦੇਸ਼ ਮਿੱਥ ਕੇ ਉਸ ਦੀ ਪ੍ਰਾਪਤੀ ਵਾਸਤੇ ਮਿਹਨਤ ਕਰਨ ਲਈ ਪ੍ਰੇਰਤ ਕੀਤਾ ਲ ਸਾਇੰਸ ਅਧਿਆਪਕਾ ਨਵਪ੍ਰੀਤ ਕੌਰ ਨੇ ਬੈਗਲੈਸ ਡੇ ਦੇ ਸੰਬੰਧ ਵਿੱਚ ਵਿਸਥਾਰ ਪੂਰਵਕ ਵਿਚਾਰ ਪੇਸ਼ ਕਰਕੇ ਚਾਨਣਾ ਪਾਇਆ ਲਉਨ੍ਹਾਂ ਨੇ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਸ਼ੁਰੂ ਕੀਤੀ ਗਈ ਮੁਫਤ ਕਿਤਾਬਾਂ ਵੰਡਣ ਦੀ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ ਅਤੇ ਸਭਨਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਗਿਆਨ, ਵਿਗਿਆਨ ਨਾਲ ਸੰਬੰਧਿਤ ਮੁਫ਼ਤ ਕਿਤਾਬਾਂ ਵੰਡੀਆਂ ਗਈਆ।

# ਆਪਣੀ ਹੀ ਪਾਰਟੀ ਵਿਰੁੱਧ ਲਾਉਣਾ ਪਿਆ ਧਰਨਾ ਯੁੱਧ ਦਿੱਲੀ ਵਿਰੁੱਧ

**ਬਲਬੀਰ ਸਿੰਘ ਬੱਬੀ**





ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਸ ਪਾਰਟੀ ਨੇ ਪਹਿਲਾਂ ਦਿੱਲੀ ਤੇ ਫਿਰ ਪੰਜਾਬ ਵਿੱਚ ਬਹੁਤ ਜਲਦੀ ਆਪਣੇ ਪੈਰ ਪਸਾਰੇ ਤੇ ਪਾਰਟੀ ਕਾਮਯਾਬ ਹੋਈ ਹਰ ਇੱਕ ਪਾਰਟੀ ਨੂੰ ਕਾਮਯਾਬ ਕਰਨ ਦੇ ਲਈ ਉਸ ਦੇ ਵਰਕਰਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ ਇਸੇ ਤਰ੍ਹਾਂ ਹੀ ਆਮ ਆਦਮੀ ਪਾਰਟੀ ਦੇ ਵਿੱਚ ਹੋਇਆ ਪੰਜਾਬ ਵਿੱਚ ਸਰਕਾਰ ਬਣੀ ਤੇ ਇਸ ਵੇਲੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਰਾਜ ਕਰ ਰਹੀ ਹੈ ਪਰ ਇਸ ਦੀ ਕਮਾਂਡ ਦਿੱਲੀ ਵਾਲੇ ਪਾਰਟੀ ਦੇ ਪ੍ਰਮੁੱਖ ਅਰਵਿੰਦ ਕੇਜਰੀਵਾਲ ਮਨੀਸ਼ ਸਸੋਦੀਆ ਤੇ ਹੋਰ ਅਨੇਕਾਂ ਵਿਅਕਤੀਆਂ ਦੇ ਹੱਥ ਵਿੱਚ ਹੈ ਹਾਲ ਹੀ ਵਿੱਚ ਜਿਹੜੇ ਅਹੁਦੇ ਪੰਜਾਬ ਵਿੱਚ ਵੰਡੇ ਗਏ ਹਨ ਉਹਨਾਂ ਉੱਤੇ ਦਿੱਲੀ ਵਿਧਾਨ ਸਭਾ ਵਿੱਚ ਹਾਰੇ ਹੋਏ ਆਗੂਆਂ ਨੂੰ ਨਿਯੁਕਤ ਕੀਤਾ ਗਿਆ ਹੈ ਇਸ ਮਾਮਲੇ ਵਿੱਚ ਪੰਜਾਬ ਦੇ ਜਿੰਨੇ ਐਮਐਲਏ ਹਨ ਉਹਨਾਂ ਵਿੱਚੋਂ ਵੀ ਕੋਈ ਨਹੀਂ ਬੋਲ ਰਿਹਾ ਤੇ ਨਾ ਹੀ ਕੋਈ ਹੋਰ ਵੱਡੇ ਛੋਟੇ ਆਗੂ ਵਰਕਰ ਬੋਲ ਰਹੇ ਹਨ ਪਰ ਆਮ ਆਦਮੀ ਪਾਰਟੀ ਦੇ ਮਹਿਲਾ ਮੋਰਚਾ ਦੇ ਪ੍ਰਧਾਨ ਪਟਿਆਲਾ ਤੋਂ ਬੀਬੀ ਪ੍ਰੀਤੀ ਮਲਹੋਤਰਾ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਉੱਪਰ ਕਾਬਜ਼ ਹੋ ਰਹੇ ਦਿੱਲੀ ਵਾਲਿਆਂ ਨੂੰ ਆੜੇ ਹੱਥੀ ਲੈਂਦਿਆਂ ਹੋਇਆਂ ਅੱਜ ਪਟਿਆਲਾ ਦੇ ਵਿੱਚ ਇੱਕ ਰੋਸ ਧਰਨਾ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਬੀਬੀ ਪ੍ਰੀਤੀ ਮਲਹੋਤਰਾ ਨੇ ਕਿਹਾ ਕਿ ਮੈਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਹ ਦੱਸਣ ਲਈ ਰੋਸ ਪ੍ਰਦਰਸ਼ਨ ਕੀਤਾ ਹੈ ਕਿ ਅਸੀਂ ਪਾਰਟੀ ਦੇ ਉਹੀ ਭਮੱਕੜ ਹਾਂ ਜਿਨਾਂ ਨੂੰ ਤੁਸੀਂ ਆਪ ਹਾਕਾਂ ਮਾਰ ਮਾਰ ਬੁਲਾਉਂਦੇ ਸੀ ਤੇ ਉਹ ਵਰਕਰ ਜਿਨਾਂ ਦੀ ਜੇਬ ਵੀ ਖਾਲੀ ਹੁੰਦੀ ਸੀ ਤੇ ਕਿਸੇ ਨਾ ਕਿਸੇ ਤਰੀਕੇ ਉਹ ਪਾਰਟੀ ਦੇ ਪ੍ਰੋਗਰਾਮ ਵਿੱਚ ਪਹੁੰਚਦੇ ਸਨ ਪਰ ਅੱਜ ਸਾਰਿਆਂ ਨੂੰ ਹੀ ਪੰਜਾਬ ਦੇ ਮੁੱਖ ਮੰਤਰੀ ਨੇ ਖੁਦ ਤੇ ਬਾਕੀ ਆਗੂਆਂ ਨੇ ਅੱਖੋਂ ਪਰੋਖੇ ਕਰ ਦਿੱਤਾ ਹੈ ਮੈਂ ਆਪਣੇ ਮਨ ਦੀ ਸ਼ਾਂਤੀ ਤੇ ਪਾਰਟੀ ਦੇ ਵਰਕਰਾਂ ਪ੍ਰਤੀ ਇਹ ਅੱਜ ਦਾ ਜੋ ਧਰਨਾ ਪ੍ਰਦਰਸ਼ਨ ਹੈ ਉਹ ਕੀਤਾ ਹੈ ਤਾਂ ਕਿ ਸ਼ਾਇਦ ਪੰਜਾਬ ਦੇ ਮੁੱਖ ਮੰਤਰੀ ਨੂੰ ਹਾਲੇ ਵੀ ਕੁਝ ਨਾ ਕੁਝ ਹੋਸ਼ ਆ ਜਾਵੇ। ਗੁਰਦੁਆਰਾ ਦੁੂਖ ਨਿਵਾਰਨ ਸਾਹਿਬ ਵਾਲੇ ਚੌਂਕ ਦੇ ਵਿੱਚ ਲੱਗੇ ਅੱਜ ਦੇ ਇਸ ਧਰਨਾ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਨਾਲ ਸੰਬੰਧਿਤ ਆਗੂ ਤੇ ਵਰਕਰ ਨਜ਼ਰ ਆਏ।

# ਓਲੰਪੀਅਨ ਪ੍ਰਿਥੀਪਾਲ ਹਾਕੀ 2025 ਸੀਨੀਅਰ ਵਰਗ 'ਚ ਕਿਲ੍ਹਾ ਰਾਏਪੁਰ ਸੈਮੀਫਾਈਨਲ ਵਿੱਚ, ਜਰਖੜ ਅਕੈਡਮੀ ਅਤੇ ਨੀਟਾ ਕਲੱਬ ਰਾਮਪੁਰ ਕੁਆਰਟਰ ਫਾਈਨਲ ਵਿੱਚ ਪੁੱਜੇ









**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ ਜਰਖੜ ਖੇਡਾਂ ਦੀ ਕੜੀ ਦਾ ਹਿੱਸਾ 15ਵਾਂ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਟੂਰਨਾਮੈਂਟ ਦੇ ਲੀਗ ਗੇੜ ਦੇ ਆਖਰੀ ਮੈਚਾਂ ਵਿੱਚ ਜਿੱਥੇ ਸੀਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਕਲੱਬ ਨੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਉਥੇ ਜਰਖੜ ਹਾਕੀ ਅਕੈਡਮੀ ਅਤੇ ਨੀਟਾ ਕਲੱਬ ਰਾਮਪੁਰ ਨੇ ਵੀ ਕੁਆਰਟਰ ਫਾਈਨਲ ਵਿੱਚ ਦਾਖਲਾ ਪਾਇਆ । ਜਦਕਿ ਬਾਬਾ ਕਿਰਪਾਲ ਦਾਸ ਕਲੱਬ ਹੇਰਾਂ ਨੂੰ ਟੂਰਨਾਮੈਂਟ ਵਿੱਚੋਂ ਬਾਹਰ ਹੋਣ ਲਈ ਮਜ਼ਬੂਰ ਹੋਣਾ ਪਿਆ।

ਅੱਜ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਜਰਖੜ ਖੇਡ ਸਟੇਡੀਅਮ ਦੇ ਨੀਲੇ ਰੰਗ ਦੇ ਐਸਟ੍ਰੋਟਰਫ ਹਾਕੀ ਮੈਦਾਨ ਉੱਪਰ ਖੇਡੇ ਗਏ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਕਿਲ੍ਹਾ ਰਾਏਪੁਰ ਕਲੱਬ ਨੇ ਸੰਤ ਬਾਬਾ ਕਿਰਪ-ਾਲ ਦਾਸ ਕਲੱਬ ਹੇਰਾਂ ਨੂੰ 7-2 ਗੋਲਾਂ ਨਾਲ ਹਰਾ ਕੇ ਪੂਲ ਏ ਵਿੱਚੋਂ 11 ਅੰਕਾਂ ਨਾਲ ਸਰਵੋ-ਤਮ ਸਥਾਨ ਹਾਸਲ ਕਰਕੇ ਸੈਮੀ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਕਿਲ੍ਹਾ ਰਾਏਪੁਰ ਦਾ ਸਰਬਜੋਤ ਸਿੰਘ ਜੋਤੀ "ਡਾਬਰ ਹੀਰੋ ਆਫ ਦਾ ਮੈਚ" ਬਣਿਆ। ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੇ ਨੀਟਾ ਕਲੱਬ ਰਾਮਪੁਰ ਨੂੰ ਬਹੁਤ ਹੀ ਸੰਘਰਸ਼ਪੂਰਨ ਅਤੇ ਰੋਮਾਂਚਕ ਮੁਕਾਬਲੇ ਵਿੱਚ 7-6 ਗੋਲਾਂ ਨਾਲ ਹਰਾ ਕੇ ਕੁਲ 11 ਅੰਕ ਹਾਸਲ ਕਰਦਿਆਂ ਪੂਲ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ, ਜਰਖੜ ਹਾਕੀ ਅਕੈਡਮੀ ਦਾ ਪਵਨਪ੍ਰੀਤ ਸਿੰਘ "ਡਾਬਰ ਹੀਰੋ ਆਫ ਦਾ ਮੈਚ" ਬਣਿਆ। ਜਦਕਿ ਨੀਟਾ ਕਲੱਬ ਰਾਮ-ਪੁਰ ਨੂੰ 7 ਅੰਕਾਂ ਨਾਲ ਤੀਸਰਾ ਸਥਾਨ ਹਾਸਲ ਹੋਇਆ। ਇਸ ਤੋਂ ਇਲਾਵਾ ਜੂਨੀਅਰ ਵਰਗ ਹਾਕੀ ਵਿੱਚ ਜਰਖੜ ਹਾਕੀ ਅਕੈਡਮੀ ਨੇ ਕਿਲ੍ਹਾ ਰਾਏਪੁਰ ਹਾਕੀ ਸੈਂਟਰ ਨੂੰ 3-0 ਨਾਲ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ । ਜਰਖੜ ਅਕੈਡਮੀ ਦਾ ਦਿਲਪ੍ਰੀਤ ਸਿੰਘ "ਹੀਰੋ ਆਫ ਦਾ ਮੈਚ" ਬਣਿਆ। ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਹਾਕੀ ਅਕੈਡਮੀ ਚਚਰਾੜੀ ਨੇ ਐਚਟੀਸੀ ਸੈਂਟਰ ਰਾਮਪੁਰ ਨੂੰ 6-5 ਗੋਲਾਂ ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਜਗ੍ਹਾ ਬਣਾਈ। ਜੇਤੂ ਟੀਮ ਦਾ ਪਰਵਿੰਦਰ ਸਿੰਘ "ਡਾਬਰ ਹੀਰੋ ਆਫ ਦਾ ਮੈਚ" ਬਣਿਆ। ਅੱਜ ਦੇ ਮੈਚਾਂ ਦੌਰਾਨ ਸਤਵਿੰਦਰ ਸਿੰਘ ਬਿੱਟੂ ਬੱਗਾ, ਜਗਰੂਪ ਸਿੰਘ ਜਰਖੜ,ਅਜੀਤ ਸਿੰਘ ਲਾਦੀਆਂ, ਕੁਲਦੀਪ ਸਿੰਘ ਘਵੱਦੀ ਨੇ ਮੁੱਖ ਮਹਿਮਾਨ ਵਜੋਂ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ । ਇਸ ਮੌਕੇ ਗੁਰਸਤਿੰਦਰ ਸਿੰਘ ਪ੍ਰਗਟ, ਮਨਜੀਤ ਸਿੰਘ ਚਾਹਲ, ਸ਼ਿੰਗਾਰਾ ਸਿੰਘ ਜਰਖੜ, ਗੁਰਵਿੰਦਰ ਸਿੰਘ ਕਿਲ੍ਹਾ ਰਾਏਪੁਰ, ਅਜੀਤਪਾਲ ਸਿੰਘ ਨਾਰੰਗਵਾਲ, ਤਜਿੰਦਰ ਸਿੰਘ ਲਾਡੀ ਸੁਧਾਰ, ਪਰਮਜੀਤ ਸਿੰਘ ਪੰਮਾ ਗਰੇਵਾਲ, ਬਾਬਾ ਰੁਲਦਾ ਸਿੰਘ ਸਾਇਆ ਕਲਾ ਆਦਿ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਟੂਰਨਾਮੈਂਟ ਦੇ ਪ੍ਰਬੰਧਕ ਗੁਰਸਤਿੰਦਰ ਸਿੰਘ ਪ੍ਰਗਟ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਕੁਆਰਟਰ ਫਾਈਨਲ ਮੁਕਾਬਲੇ 5 ਜੂਨ ਨੂੰ ਖੇਡੇ ਜਾਣਗੇ ਜਦਕਿ ਸੈਮੀਫਾਈਨਲ 7 ਜੂਨ ਨੂੰ ਅਤੇ ਫਾਈਨਲ ਮੁਕਾਬਲੇ 8 ਜੂਨ ਨੂੰ ਖੇਡੇ ਜਾਣਗੇ ।

# ਭਾਈ ਰਾਮ ਕਿਸ਼ਨ ਸਕੂਲ ਵਿਖੇ ਪੰਜਾਬੀ ਫਿਲਮ "ਅਸੀਂ ਦੂਣ ਸਵਾਏ ਹੋਏ" ਦੇ ਆਡੀਸ਼ਨ ਕਰਵਾਏ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ "ਗੁਰੂ ਸਿਨੇ ਆਰਟ" ਲੁਧਿਆਣਾ ਵੱਲੋਂ ਪੰਜਾਬੀ ਫਿਲਮ "ਅਸੀਂ ਦੂਣ ਸਵਾਏ ਹੋਏ" ਦੇ ਆਡੀਸ਼ਨ ਕਰਵਾਏ ਗਏ ਜਿਸ ਵਿੱਚ ਗੁਰੂ ਸਿਨੇ ਆਰਟ ਤੋਂ ਡਾਇਰੈਕਟਰ ਜਸਵੀਰ ਸਿੰਘ ਸੀਰਾ, ਪ੍ਰੋਡਿਊਸਰ ਸ੍ਰ: ਰਤਨ ਸਿੰਘ ਕਮਾਲਪੁਰ, ਰਾਜਿੰਦਰ ਰਾਜਾ, ਸਵਰਾਜ ਘੁੰਮਣ ਅਤੇ ਰਮਣੀਕ ਘੁੰਮਣ ਨੇ ਵਿਸ਼ੇਸ਼ ਸ਼ਿਰਕਤ ਕੀਤੀ । ਇਸ ਮੌਕੇ ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ 'ਸੇਵਾਪੰਥੀ' ਅਤੇ ਪ੍ਰਿੰਸੀਪਲ ਹਿੰਮਤ ਕੌਰ ਨੇ ਮਹਿਮਾਨਾਂ ਨੂੰ ਸਿਰੋਪਾਉ ਭੇਟ ਕਰਕੇ ਉਹਨਾਂ ਦਾ ਸਵਾਗਤ ਕੀਤਾ । ਇਸ ਮੌਕੇ ਮਹੰਤ ਚਮਕੌਰ ਸਿੰਘ 'ਸੇਵਾਪੰਥੀ' ਨੇ ਕਿਹਾ ਕਿ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਇਸ ਕਾਰਜ ਵਿੱਚ ਉਹਨਾਂ ਨੂੰ ਸਫਲਤਾ ਮਿਲੇ ਅਤੇ ਉਹ ਅੱਗੇ ਤੋਂ ਵੀ ਉਹ ਕਲਾ ਦੇ ਖੇਤਰ ਦੇ ਲੋਕਾਂ ਨੂੰ ਅੱਗੇ ਲਿਆਉਣ ਲਈ ਤੱਤਪਰ ਹਨ । ਕਿਉਂਕਿ ਸਮਾਜ ਵਿੱਚ ਅਜਿਹੀਆਂ ਕਲਾਵਾਂ ਅੱਜ ਵੀ ਯੁਵਾ ਪੀੜ੍ਹੀ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਕਰ ਸਕਦੀਆਂ ਹਨ । ਇਸ ਮੌਕੇ



ਉੱਤੇ ਲਗਭਗ 200 ਕਲਾਕਾਰਾਂ ਨੇ ਜੋ ਦਿੱਲੀ, ਮੁੰਬਈ, ਰਾਜਸਥਾਨ, ਹਰਿਆਣਾ ਅਤੇ ਪੰਜਾਬ ਦੇ ਵੱਖ-ਵੱਖ ਖੇਤਰਾਂ ਤੋਂ ਆਏ ਸਨ, ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ । ਅੰਤ ਵਿੱਚ ਸਕੂਲ ਦੇ ਡਾਇਰੈਕਟਰ ਸ੍ਰ: ਰਮਣੀਕ ਸਿੰਘ ਘੁੰਮਣ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ । ਇਸ ਮੌਕੇ ਉੱਤੇ ਮਹੰਤ ਚਮਕੌਰ ਸਿੰਘ 'ਸੇਵਾਪੰਥੀ'ਨੇ ਕਿਹਾ ਕਿ ਅਜਿਹੀਆਂ ਫਿਲਮਾਂ ਬਣਨੀਆਂ ਚਾਹੀਦੀਆਂ ਹਨ ਜੋ ਆਉਣ ਵਾਲੀ ਪੀੜ੍ਹੀ ਨੂੰ ਉਹਨਾਂ ਗੌਰਵਮਈ ਸ਼ਹਾਦਤਾਂ ਅਤੇ ਇਤਿਹਾਸਕ ਵਿਰਸੇ ਤੋਂ ਜਾਣੂ ਕਰਾ ਸਕਣ ਅਤੇ ਉਹਨਾਂ ਨੂੰ ਚੰਗਾ ਇਨਸਾਨ ਬਣਨ ਲਈ ਪ੍ਰੇਰਿਤ ਕਰ ਸਕਣ ।

## ਜੱਟ ਦਾ ਸਵਰਾਜ 855

ਜੱਟਾਂ ਦੇ ਵਿੱਚ ਭੈੜੀਆਂ ਰੀਤਾਂ ,
ਪੈ 'ਗੀਆਂ ਰੀਸ ਰਿਵਾਜ ਦੀਆਂ ।
ਮੂ਼ਲ ਦੀ ਗੱਲ ਤਾਂ ਰਹਿ ਗਈ ਦੂਰ ,
ਨਾ ਕਿਸ਼ਤਾਂ ਮੁੜਨ ਵਿਆਜ਼ ਦੀਆਂ ।
ਜੱਟੀ ਜੱਟ ਤੋਂ ਵੀ ਵਧ ਕੇ ਖ਼ੁਸ਼ ਹੈ ,
ਬੱਸ ਇੱਕ ਐਨੀ ਹੀ ਗੱਲ ਤੋਂ ;
ਕਿ ਗੱਲਾਂ ਹੋਣ ਰੰਚਣਾਂ ਪਿੰਡ ਵਿੱਚ ,
ਲਾਲ ਰੰਗ ਦੇ ਸਵਰਾਜ ਦੀਆਂ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਰੌਲਾ ਈ ਰੌਲਾ

ਭਗਵਨ, ਗੋਡ, ਵਾਹਿਗੁਰੂ, ਮੌਲਾ।
ਰੌਲਾ ਈ ਰੌਲਾ, ਰੌਲਾ ਈ ਰੌਲਾ।

ਗਾਊਨ, ਅਬਾਯਾ, ਬਾਣਾ, ਚੋਲਾ।
ਰੌਲਾ ਈ ਰੌਲਾ, ਰੌਲਾ ਈ ਰੌਲਾ।

ਨਿਆਜ਼, ਡੋਨੇਸ਼ਨ, ਗੋਲਕ, ਝੋਲਾ।
ਰੌਲਾ ਈ ਰੌਲਾ, ਰੌਲਾ ਈ ਰੌਲਾ।

ਜੀਆ-ਜੰਤ ਕ਼ੁੱਲ ਕਰ ਰਿਹਾ ਬੋਲਾ।
ਰੌਲਾ ਈ ਰੌਲਾ, ਰੌਲਾ ਈ ਰੌਲਾ।

ਅਮਨ, ਸ਼ਾਂਤੀ, ਠੰਡ-ਠੰਢੋਲਾ।
ਰੌਲਾ ਈ ਰੌਲਾ ਪਰ ਰੌਲਾ ਈ ਰੌਲਾ।

ਅਮਲ ਕਿਤੇ ਨਾ ਮਾਸਾ-ਤੋਲਾ।
ਰੌਲਾ ਈ ਰੌਲਾ ਬੱਸ ਰੌਲਾ ਈ ਰੌਲਾ।

ਨਾ ਭੰਡ ਰੋਮੀਆਂ ਬਣ ਕੇ ਭੋਲਾ।
ਪਾ ਨਾ ਰੌਲਾ, ਨਾ ਪਾ ਰੌਲਾ।

ਪਿੰਡ ਘੜਾਮੇਂ ਹੋਜੂ ਹਥੋਲਾ।
ਪੈ ਜੂ' ਰੌਲਾ, ਪੈ ਜੂ' ਰੌਲਾ।



**ਰੋਮੀ ਘੜਾਮਾਂ**
9855281105 (ਵਟਸਪ ਨੰ.)

## ਸੂਰਜ ਅਸਤ

ਸੂਰਜ ਦੇ ਅਸਤ ਹੋਇਆਂ
ਜੁਗਨੂੰ ਬਣਾਉਣ ਸਲਾਹਾਂ।
ਅਸੀਂ ਧਰਤੀ ਦੇ ਚੱਕਰਵਰਤੀ
ਸਾਡੇ ਤੋਂ ਨੀ ਕੋਈ ਗਹਾਂ॥

ਸੂਰਜ ਚਮਕੇ ਵਿੱਚ ਅਸਮਾਨੀ
ਕੀੜੇ ਜਾਣ ਨ ਸਕਣ ਉਤਾਹਾਂ।
ਇਕ ਨ ਬੁਝੇ ਵਿਚ ਤੂਫਾਨਾ
ਦੂਜੇ ਬਚਣ ਨਾ ਵਿੱਚ ਹਵਾਵਾਂ॥

ਇੱਕ ਜਾਲ਼ੇ ਆਪਣੀਆਂ ਪਰਤਾਂ
ਤੇ ਸਾਂਭੇ ਧਰਤ ਸਤਾਵਾਂ।
ਜੁਗਨੂ ਸਿਰਫ ਮਨ ਪਰਚਾਵਾ
ਕਿਵੇਂ ਸਭ ਨੂੰ ਸਮਝਾਵਾਂ॥

' ਗੜ੍ਹੀ' ਚਮਕ ਤੂੰ ਵਿੱਚ ਅਸਮਾਨੀ
ਜਾਣ ਦੇ ਹੋਰ ਕਲਾਵਾਂ।
ਹਨ੍ਹੇਰੇ ਦੀ ਹਿੱਕ ਪਾੜ ਫੇਰ ਤੂੰ ਚੜ੍ਹਨਾ
ਸਭ ਇਹੀ ਤੈਨੂੰ ਦੇਣ ਦੁਆਵਾਂ॥



**ਅਸ਼ਲੇਸ਼ ਕੁਮਾਰ**
**ਨਿਊਜ਼ੀਲੈਂਡ**

## ਗੀਤ

ਸਹੁਰੀਂ ਦੱਸਾਂ ਕੀ ਜੋ ਬੀਤੇ ਮੇਰੇ ਨਾਲ ਕੁੜੀਓ
ਜਦੋਂ ਬੋਲੇ ਮੇਰਾ ਮਾਹੀ ਕੱਢੇ ਗਾਲ਼ ਕੁੜੀਓ

1/ ਸਹੁਰਾ ਵੀ ਸਿਆਣਾ ਉਂਝ ਮੋਤਵਰ ਬੰਦਾ ਏ
ਵੇਖਣ ਦੇ ਵਿੱਚ ਬੜਾ ਲਗਦਾ ਉਹ ਚੰਗਾ ਏ
ਪਰ ਗੱਲੀਂ ਬਾਤੀਂ ਫੇਰੇ ਸੀਨੇ ਤਾਰ ਕੁੜੀਓ
ਜਦੋਂ ਬੋਲੇ ਮੇਰਾ ਮਾਹੀ,,,,,,,,,,,,,,,,

2/ ਮਾਂ ਵਾਲਾ ਪਿਆਰ ਸੀ ਮੈਂ ਸੱਸ ਕੋਲੋਂ ਚਾਹਿਆ ਨੀ
ਜਿੱਦਣ ਦੀ ਆਈ ਕਦੇ ਹੱਸ ਨਾ ਬੁਲਾਇਆ ਨੀ
ਬਹਿਣਾ ਬਿੰਦ ਵੀ ਚਾਹਵੇ ਨਾ ਮੇਰੇ ਨਾਲ ਕੁੜੀਓ
ਜਦੋਂ ਬੋਲੇ ਮੇਰਾ ਮਾਹੀ,,,,,,,,,,,,,,,,,

3 ਰੋਂਦੀ ਵੇਖ ਮੈਨੂੰ ਮੇਰਾ ਹੱਸਦਾ ਏ ਦਿਓਰ ਨੀ
ਬੁੱਲਟ ਦੇ ਬਿਨਾ ਕਹਿੰਦਾ ਬਣਦੀ ਨੀ ਟਹੁਰ ਨੀ
ਵੇਂਖੂ ਜਦੋਂ ਉਹਦੀ ਲਿਆਉ, ਕਾਰ ਕੁੜੀਓ
ਜਦੋਂ ਬੋਲੇ ਮੇਰਾ ਮਾਹੀ,,,,,,,,,,,,,,,,

4/ ਰਜਿੰਦਰ ਦੇ ਗੀਤ ਵਾਲ਼ੀ ਕਿਸੇ ਨਾਲ ਹੋਵੇ ਨਾ
ਸਹੁਰਿਆਂ ਦੇ ਪਿੰਡ ਮੁਟਿਆਰ ਕੋਈ ਰੋਵੇ ਨਾ
ਰੱਬ ਰੱਖੇ ਸਭ ਦਾ ਖਿਆਲ ਕੁੜੀਓ
ਜਦੋਂ ਬੋਲੇ ਮੇਰਾ ਮਾਹੀ ਕੱਢੇ ਗਾਲ਼ ਕੁੜੀਓ



**ਰਜਿੰਦਰ ਭਦੌੜ**
9779864743

## ਜੋ ਵੀ ਪੜ੍ਹਦਾ ਆਹ ਕਿਤਾਬ

ਜੋ ਵੀ ਪੜ੍ਹਦਾ ਆਹ ਕਿਤਾਬ
ਤੀਜਾ ਨੇਤਰ ਪੈਂਦਾ ਜਾਗ......




ਭਾਰਤੀ ਲੋਕ ਨੀਚ ਕਿਵੇਂ ਬਣੇ? ਨੇ
ਸੌ ਦੇ ਵਿੱਚੋਂ ਕਿੰਨੇ ਜਾਣੇ ਨੇ ?
ਦ੍ਰਾਵਿੜ ਕੌਮ ਤੇ ਵੰਸ਼ੀ ਨਾਗ.....
ਜੋ ਵੀ ਪੜ੍ਹਦਾ ਆਹ ਕਿਤਾਬ
ਤੀਜਾ ਨੇਤਰ ਪੈਂਦਾ ਜਾਗ

ਲੁੱਟਿਆ,ਵੰਡਿਆ ਆਰੀਆ ਲੋਕਾਂ
ਚੁੰਬੜ ਗਏ ਕਿਵੇਂ ਬਣਕੇ ਜੋਕਾਂ
ਜਾਤ, ਵਰਣ ਦੀ ਲਾਤੀ ਲਾਗ....
ਜੋ ਵੀ ਪੜ੍ਹਦਾ ਆਹ ਕਿਤਾਬ
ਤੀਜਾ ਨੇਤਰ ਪੈਂਦਾ ਜਾਗ

ਕੌਣ ਭਵੀਸ਼ਣ ਧੋਖਾ ਦੇ ਗਏ
ਮਹਿਲ ਲੁਟਾ ਕੇ ਖੋਖਾ ਦੇ ਗਏ
ਕੌਮ ਦੇ ਮੱਥੇ ਲਾ ਗਏ ਦਾਗ.....
ਜੋ ਵੀ ਪੜ੍ਹਦਾ ਆਹ ਕਿਤਾਬ
ਤੀਜਾ ਨੇਤਰ ਪੈਂਦਾ ਜਾਗ

ਕੌਣ ਹੈ ਆਪਣਾ ਕੌਣ ਪਰਾਇਆ
ਮੂਲਭਾਰਤੀ ਤੱਥ ਸਮਝਾਇਆ
ਜੁੜ ਕੇ ਹੋਣੇ ਪੂਰੇ ਖ਼ੁਆਬ....
ਜੋ ਪੜ੍ਹਦਾ ਆਹ ਕਿਤਾਬ
ਤੀਜਾ ਨੇਤਰ ਪੈਂਦਾ ਜਾਗ

**ਰਣਜੀਤ ਸਿੰਘ ਹਠੂਰ**




# ਮਾਵਾਂ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ : ਸ ਅਵਤਾਰ ਸਿੰਘ ਕਰੀਮਪੁਰੀ

**ਬੰਗਾ (ਚਰਨਜੀਤ ਸੱਲ੍ਹਾਂ )** ਬੰਗਾ ਹਲਕੇ ਦੇ ਮਿਸ਼ਨਰੀ ਪਿੰਡ ਦੇ ਮੁਲਾਜਮ ਆਗੂ ਸਮਾਜ ਸੇਵੀ ਪ੍ਰੋਫੈਸਰ ਹੁਸਨ ਲਾਲ ਬਸਰਾ ਜੀ ,ਮਾਸਟਰ ਰਜਿੰਦਰ ਬਸਰਾ ਜੀ , ਮਾਸਟਰ ਰਾਜ ਕੁਮਾਰ ਜੀ ਬਸਪਾ ਆਗੂ ਦੂਨੀ ਚੰਦ ਜੀ ਦੀ ਮਾਤਾ ਬਸਰਾ ਪਰਿਵਾਰ ਦੇ ਮੁਖੀ ਮਾਤਾ ਗਿਆਨ ਕੌਰ ਜੀ ਪਤਨੀ ਸ਼੍ਰੀ ਤਰਸੇਮ ਲਾਲ ਬਸਰਾ ਜੀ ਬੀਤੇ ਦਿਨੀਂ ਅਚਾਨਕ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ ਅਜ ਬੁਰਜ ਕੰਧਾਰੀ ਵਿਖੇ ਅੰਤਿਮ ਅਰਦਾਸ ਵਿੱਚ ਵੱਡੀ ਗਿਣਤੀ ਵਿੱਚ ਪ੍ਰੋਫੈਸਰ ਟੀਚਰ ਬੁਧੀਜੀਵੀ ਸਮਾਜਿਕ ਰਾਜਨੀਤਕ ਸਖਸੀਅਤਾਂ ਤੋ ਇਲਾਵਾ ਵਿਸ਼ੇਸ਼ ਤੋਰ ਤੇ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਸਾਬਕਾ ਮੈਂਬਰ ਪਾਰਲੀਮੈਂਟ ਜਿਨ੍ਹਾਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਦੀਆਂ ਮਾਵਾਂ ਦਾ ਘਾਟਾਂ







ਕਦੇ ਪੂਰਾ ਨਹੀਂ ਹੋ ਸਕਦਾ ਕਿਉਂਕਿ ਕਿ ਇੱਕ ਤਾਂ ਉਨ੍ਹਾਂ ਨੇ ਪਰਿਵਾਰ ਨੂੰ ਕਾਮਯਾਬ ਕੀਤਾ ਹੈ ਦੂਸਰਾਂ ਸਮਾਜ ਪ੍ਰਤੀ ਵੀ ਆਪਣੇ ਪੂੱਤਰਾ ਨੂੰ ਮਿਸ਼ਨਰੀ ਬਣਾਇਆ ਹੈ।, ਬਸਪਾ ਪੰਜਾਬ ਦੇ ਇੰਚਾਰਜ ਡਾ ਨਛਤਰ ਪਾਲ ਜੀ ਵਿਧਾਇਕ ਹਲਕਾ ਨਵਾਂਸ਼ਹਿਰ ਕਦੇ ਵੀ ਕੋਈ ਨਹੀਂ ਚਾਹੁੰਦਾ ਕਿ ਉਸ ਦੀ ਮਾਤਾ ਉਸ ਕੋਲੋਂ ਵਿਛੜ ਜਾਵੇ ਪਰ ਇਹ ਇੱਕ ਸਚਾਈ ਹੈ ਕਿ ਸਾਰਿਆਂ ਨੇ ਇੱਕ ਨਾ ਇੱਕ ਦਿਨ ਇਸ ਦੁਨੀਆਂ ਨੂੰ ਅਲਵਿਦਾ ਕਹਿਣਾ ਹੀ ਹੈ। ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ, ਤੇ ਬਸਪਾ ਦੀ ਸਮੂਚੀ ਲੀਡਰਸ਼ਿਪ ਨੇ ਪਹੁੰਚ ਕੇ ਬਸਰਾ ਪਰਿਵਾਰ ਨਾਲ ਦੁੱਖ ਕੀਤਾ ਰਾਜਨੀਤਕ ਸਮਾਜਿਕ ਸਖਸੀਅਤਾਂ ਨੇ ਮਾਤਾ ਗਿਆਨ ਕੋਰ ਜੀ ਨੂੰ ਸਰਧਾਂਜਲੀਆਂ ਭੇਂਟ ਕੀਤੀਆਂ ਤੇ ਬਸਰਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਹੁਸ਼ਿਆਰਪੁਰ ਦੀਆਂ ਸਿਹਤ ਸੰਸਥਾਵਾਂ ਨੂੰ ਮਿਲੇ 20 ਨਵੇਂ ਹਾਊਸ ਸਰਜਨ

## ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸੌਂਪੇ ਨਿਯੁਕਤੀ ਪੱਤਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ ਵਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਵਿਚ 20 ਨਵੇਂ ਹਾਊਸ ਸਰਜਨਾਂ ਦੀ ਨਿਯੁਕਤੀ ਕੀਤੀ ਗਈ ਹੈ। ਇਨ੍ਹਾਂ ਹਾਉਸ ਸਰਜਨਾਂ ਨੂੰ ਅੱਜ ਸਿਵਲ ਸਰਜਨ ਦਫ਼ਤਰ ਹੁਸ਼ਿਆਰਪੁਰ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਰਸਮੀ ਤੌਰ ’ਤੇ ਨਿਯੁਕਤੀ ਪੱਤਰ ਸੌਂਪੇ ਗਏ। ਇਹ ਨਿਯੁਕਤੀ ਪੱਤਰ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਕਰ-ਕਮਲਾਂ ਨਾਲ ਸੌਂਪੇ। ਸਮਾਰੋਹ ਨੂੰ ਸੰਬੋਧਨ ਕਰਦਿਆਂ ਡਾ. ਰਵਜੋਤ ਸਿੰਘ ਨੇ ਨਵ-ਨਿਯੁਕਤ ਹਾਊਸ ਸਰਜਨਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਆਪਣੇ ਕਰਤੱਵਾਂ ਨੂੰ ਇਮਾਨਦਾਰੀ, ਸਮਾਂਬੱਧ ਅਤੇ ਪੂਰਨ ਸਮਰਪਣ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਇਕ ਡਾਕਟਰ ਹੋਣ ਦੇ ਨਾਤੇ ਆਪ ਨੂੰ ਮਾਨਵਤਾ ਦੀ ਸੇਵਾ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ, ਉਹ ਇਸ ਨੂੰ ਪੂਰਨ ਨਿਸ਼ਠਾ ਨਾਲ ਨਿਭਾਉਣ ਅਤੇ ਮਰੀਜਾਂ ਨਾਲ ਹਮੇਸ਼ਾ ਸਨੇਹਪੂਰਨ ਵਿਵਹਾਰ ਕਰਨ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ



ਸਰਕਾਰ ਸ਼ੁਰੂ ਤੋਂ ਹੀ ਆਮ ਜਨਤਾ ਨੂੰ ਘਰ ਦੇ ਨੇੜੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਉਪਲਬੱਧ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਉਹ ਖ਼ੁਦ ਸਮੇਂ-ਸਮੇਂ ’ਤੇ ਸਿਵਲ ਹਸਪਤਾਲ ਦਾ ਦੌਰਾ ਕਰਦੇ ਰਹਿੰਦੇ ਹਨ ਤਾਂ ਜੋ ਸਿਹਤ ਸੇਵਾਵਾਂ ਦੀ ਨਿਗਰਾਨੀ ਕਰਕੇ ਕਮੀਆਂ ਨੂੰ ਦੂਰ ਕੀਤਾ ਜਾ ਸਕੇ। ਸਿਵਲ ਸਰਜਨ ਡਾ.ਪਵਨ ਕੁਮਾਰ ਸ਼ਗੋਤਰਾ ਨੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਜਾਣਕਾਰੀ ਦਿੱਤੀ ਕਿ ਇਨ੍ਹਾਂ 20 ਹਾਊਸ ਸਰਜਨਾਂ ਦੀ ਤਾਇਨਾਤੀ ਜ਼ਿਲ੍ਹੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਵਿਚ ਕੀਤੀ ਗਈ ਹੈ, ਜਿਸ ਵਿਚ 7 ਸਿਵਲ ਹਸਪਤਾਲ ਹੁਸ਼ਿਆਰਪੁਰ, 4 ਐਸ.ਡੀ.ਐਚ ਗੜ੍ਹਸ਼ੰਕਰ, 4 ਐਸ.ਡੀ.ਐਚ ਮੁਕੇਰੀਆਂ, 5 ਐਸ.ਡੀ.ਐਚ ਦਸੂਹਾ ਵਿਖੇ ਤਾਇਨਾਤ ਕੀਤੇ ਗਏ ਹਨ। ਇਸ ਮੌਕੇ ਐਮ.ਆਰ ਪ੍ਰੋਗਰਾਮ ਅਤੇ ਹਰ ਸ਼ੁੱਕਰਵਾਰ ਡੇਂਗੂ ਜਾਗਰੂਕਤਾ ਮੁਹਿੰਮ ਨਾਲ ਸਬੰਧਤ ਸਾਹਿਤ ਵੀ ਜਾਰੀ ਕੀਤਾ ਗਿਆ। 5 ਸਾਲ ਤੱਕ ਉਨ੍ਹਾਂ ਬੱਚਿਆਂ, ਜਿਨ੍ਹਾਂ ਨੇ ਕਿਸੇ ਕਾਰਨ ਕਰਕੇ ਟੀਕਾ ਨਹੀਂ ਲਗਵਾਇਆ ਹੈ, ਉਨ੍ਹਾਂ ਨੂੰ ਇਕ ਮਹੀਨੇ ਦੇ ਫਰਕ ’ਤੇ ਐਮ.ਆਰ. (ਖਸਰਾ-ਰੁਬੇਲਾ) ਦੇ ਦੋ ਟੀਕੇ ਨੇੜੇ ਦੇ ਸਿਹਤ ਕੇਂਦਰ ’ਤੇ ਲਗਾਉਣ ਦੀ ਅਪੀਲ ਕੀਤੀ ਗਈ। ਇਹ ਟੀਕੇ ਦੋ ਖ਼ਤਰਨਾਕ ਬਿਮਾਰੀਆਂ ਤੋਂ ਬਚਾਅ ਵਿਚ ਸਹਾਈ ਹਨ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਗੁਰਬਿੰਦਰ ਸਿੰਘ ਪਾਬਲਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਬੰਸ ਕੌਰ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ, ਸਹਾਇਕ ਸਿਵਲ ਸਰਜਨ ਡਾ. ਡੀ.ਪੀ. ਸਿੰਘ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ, ਸੀਨੀਅਰ ਮੈਡੀਕਲ ਅਫ਼ਸਰ ਡਾ. ਸਵਾਤੀ ਸ਼ਿਹਮਾਰ, ਜ਼ਿਲ੍ਹਾ ਐਪੀਡੈਮਿਓਲਾਜਿਸਟ ਡਾ. ਜਗਦੀਪ ਸਿੰਘ, ਡਿਪਟੀ ਮਾਸ ਮੀਡੀਆ ਅਫ਼ਸਰ ਰਮਨਦੀਪ ਕੌਰ ਵੀ ਮੌਜੂਦ ਸਨ।

# ਵਿਧਾਇਕ ਜਿੰਪਾ ਨੇ ਚੌਕ ਸੁਰਾਜਾਂ ‘ਚ 23 ਲੱਖ ਰੁਪਏ ਦੀ ਲਾਗਤ ਨਾਲ ਟਾਈਲਾਂ ਦੇ ਕੰਮ ਦਾ ਕੀਤਾ ਉਦਘਾਟਨ

## ਕਿਹਾ, ਇਲਾਕੇ ਨੂੰ ਸੁੰਦਰ ਬਣਾਉਣ ‘ਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਬਾਕੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਕਾਸ ਕਾਰਜਾਂ ਦੀ ਲੜੀ ਵਿਚ ਹੁਸ਼ਿਆਰਪੁਰ ਦੇ ਵਾਰਡ ਨੰਬਰ 40 ਸਥਿਤ ਚੌਕ ਸੁਰਾਜਾਂ 23 ਲੱਖ ਰੁਪਏ ਦੀ ਲਾਗਤ ਨਾਲ ਟਾਈਲ ਵਰਕਸ ਪ੍ਰੋਜੈਕਟ ਦੀ ਰਸਮੀ ਸ਼ੁਰੂਆਤ ਕੀਤੀ ਗਈ। ਇਸ ਕੰਮ ਦਾ ਉਦਘਾਟਨ ਸਥਾਨਕ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕੀਤਾ। ਇਸ ਮੌਕੇ ਜਿੰਪਾ ਨੇ ਕਿਹਾ ਕਿ ਚੌਕ ਸੁਰਾਜਾਂ ਇਲਾਕੇ ਦੀ ਹਾਲਤ ਕਾਫ਼ੀ ਸਮੇਂ ਤੋਂ ਖ਼ਰਾਬ ਸੀ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹੁਣ ਇਸ ਇਲਾਕੇ ਨੂੰ ਡੱਬੀ ਬਾਜ਼ਾਰ ਦੀ ਤਰਜ਼ 'ਤੇ ਸੁੰਦਰ ਅਤੇ ਸੁਵਿਧਾਜਨਕ ਬਣਾਇਆ ਜਾਵੇਗਾ। ਇਸ ਨਾਲ ਨਾ ਸਿਰਫ਼ ਸਥਾਨਕ ਲੋਕਾਂ ਨੂੰ ਰਾਹਤ ਮਿਲੇਗੀ ਸਗੋਂ ਬਾਜ਼ਾਰ ਦੀ ਰੌਣਕ ਵੀ ਵਧੇਗੀ। ਵਿਧਾਇਕ ਜਿੰਪਾ ਨੇ ਮੌਕੇ 'ਤੇ ਮੌਜੂਦ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਕੰਮ ਦੀ



ਗੁਣਵੱਤਾ ਵਿੱਚ ਕੋਈ ਵੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੇ ਹਿੱਤ ਵਿੱਚ ਪੈਸਾ ਖਰਚ ਕਰ ਰਹੀ ਹੈ, ਇਸ ਲਈ ਹਰ ਪ੍ਰੋਜੈਕਟ ਨੂੰ ਪਾਰਦਰਸ਼ਤਾ ਅਤੇ ਮਜ਼ਬੂਤੀ ਨਾਲ ਪੂਰਾ ਕੀਤਾ ਜਾਣਾ ਚਾਹੀਦਾ ਹੈ। ਜਿੰਪਾ ਨੇ ਕਿਹਾ ਕਿ ਸੁਰਾਜਾਂ ਚੌਕ ਦੇ ਵਿਕਾਸ ਲਈ ਟਿਊਬਵੈੱਲ ਲਗਾਉਣ ਵਰਗੇ ਜ਼ਰੂਰੀ ਕੰਮ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ। ਹੁਣ ਟਾਈਲ ਵਰਕਸ ਅਤੇ ਹੋਰ ਸਹੂਲਤਾਂ ਦੇ ਜੋੜ ਤੋਂ ਬਾਅਦ ਇਸ ਖੇਤਰ ਨੂੰ ਇੱਕ ਨਵੀਂ ਪਛਾਣ ਮਿਲੇਗੀ। ਪ੍ਰੋਗਰਾਮ ਦੌਰਾਨ ਸਥਾਨਕ ਲੋਕਾਂ ਨੇ ਵਿਧਾਇਕ ਜਿੰਪਾ ਦਾ ਧੰਨਵਾਦ ਕੀਤਾ ਅਤੇ ਉਮੀਦ ਪ੍ਰਗਟ ਕੀਤੀ ਕਿ ਭਵਿੱਖ ਵਿੱਚ ਇਸੇ ਤਰ੍ਹਾਂ ਦੇ ਵਿਕਾਸ ਕਾਰਜ ਇਲਾਕੇ ਦਾ ਚਿਹਰਾ ਬਦਲ ਦੇਣਗੇ। ਇਸ ਮੌਕੇ ਨਗਰ ਨਿਗਮ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਪ੍ਰਦੀਪ ਬਿੱਟੂ, ਕੌਂਸਲਰ ਵਿਜੇ ਅਗਰਵਾਲ, ਮੋਹਿਤ ਸੈਣੀ ਅਤੇ ਅਜੇ ਜੈਨ ਤੋਂ ਇਲਾਵਾ ਇਲਾਕੇ ਦੇ ਕਈ ਪਤਵੰਤੇ ਵੀ ਮੌਜੂਦ ਸਨ।

# ਹੰਗਾਮੀ ਹਾਲਾਤ ਦੌਰਾਨ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਦਾ ਹੋਇਆ ਸਨਮਾਨ

## ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ ਨੇ ਕੀਤਾ ਸਨਮਾਨਿਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਦੀ ਸਰਹੱਦ 'ਤੇ ਪੈਦਾ ਹੋਏ ਤਣਾਅਪੂਰਨ ਹਾਲਾਤ ਅਤੇ ਜੰਗ ਵਰਗੇ ਮਾਹੌਲ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਨੂੰ ਮਾਨਤਾ ਦੇਣ ਲਈ ਅੱਜ ਇਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨੇ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ, ਜਿਨ੍ਹਾਂ ਨੇ ਬੇਹੱਦ ਸੰਕਟ ਦੀ ਘੜੀ ਵਿਚ ਮਿਸਾਲੀ ਸੇਵਾ ਭਾਵਨਾ ਅਤੇ ਦੇਸ਼ ਭਗਤੀ ਦਾ ਪ੍ਰਦਰਸ਼ਨ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਦੋਂ ਸਰਹੱਦ 'ਤੇ ਤਣਾਅ ਵਧਿਆ ਅਤੇ ਸਥਿਤੀ ਗੰਭੀਰ ਹੋ ਗਈ, ਤਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਿਨਾਂ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਜਿਸ ਤਰ੍ਹਾਂ ਦਾ ਸਬਰ, ਹਿੰਮਤ ਅਤੇ ਚੌਕਸੀ ਦਿਖਾਈ ਗਈ ਹੈ, ਉਹ ਸ਼ਲਾਘਾਯੋਗ ਹੈ ਅਤੇ ਇਹ ਸਮਰਪਿਤ ਅਧਿਕਾਰੀ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਸਬ-ਡਵੀਜ਼ਨ, ਕਲੱਸਟਰ, ਪਿੰਡ ਅਤੇ ਵਾਰਡ ਪੱਧਰ ਤੱਕ ਪ੍ਰਸ਼ਾਸਕੀ ਨੈੱਟਵਰਕ ਨੂੰ ਸਰਗਰਮ ਕੀਤਾ ਗਿਆ ਹੈ ਅਤੇ ਵਿਸ਼ੇਸ਼ ਆਫ਼ਤ ਪ੍ਰਬੰਧਨ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿਚ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਤੁਰੰਤ ਉਪਲਬੱਧ ਕਰਵਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਸਾਡੇ ਅਧਿਕਾਰੀ ਹਰ ਚੁਣੌਤੀ ਲਈ ਤਿਆਰ ਹਨ ਅਤੇ ਪੂਰੀ ਤਨਦੇਹੀ ਨਾਲ ਆਪਣੇ ਫਰਜ਼ ਨਿਭਾਉਂਦੇ ਹਨ। ਡਿਪਟੀ ਕਮਿਸ਼ਨਰ ਨੇ ਸਾਰੇ ਅਧਿਕਾਰੀਆਂ ਨੂੰ ਭਵਿੱਖ ਵਿਚ ਵੀ ਇਸੇ ਉਤਸ਼ਾਹ, ਸਮਰਪਣ ਅਤੇ ਜਾਗਰੂਕਤਾ ਨਾਲ ਕੰਮ ਕਰਦੇ ਰਹਿਣ ਦੀ ਅਪੀਲ ਕੀਤੀ। ਇਸ ਸਨਮਾਨ ਸਮਾਰੋਹ ਦੌਰਾਨ ਸਨਮਾਨਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਯੋਗ ਅਗਵਾਈ ਅਤੇ ਸਕਾਰਾਤਮਕ ਊਰਜਾ ਸਦਕਾ ਪੂਰੇ ਜ਼ਿਲ੍ਹੇ ਵਿਚ ਸੰਕਟ ਦੀ ਸਥਿਤੀ ਨੂੰ ਸੰਗਠਿਤ ਢੰਗ ਨਾਲ ਸੰਭਾਲਿਆ ਜਾ ਸਕਿਆ ਹੈ। ਉਨ੍ਹਾਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਹੋਰ ਵੀ ਵਧੀਆ ਕੰਮ ਕਰਨ ਲਈ ਪ੍ਰੇਰਿਤ ਕਰੇਗਾ ਅਤੇ ਇਹ ਪਲ ਹਮੇਸ਼ਾ ਉਨ੍ਹਾਂ ਦੀ ਜ਼ਿੰਦਗੀ ਦੀਆਂ ਯਾਦਾਂ ਵਿਚ ਉੱਕਰਿਆ ਰਹੇਗਾ। ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਅਜਿਹੇ ਪ੍ਰੋਗਰਾਮ ਨਾ ਸਿਰਫ਼ ਮਨੋਬਲ ਵਧਾਉਂਦੇ ਹਨ ਬਲਕਿ ਪ੍ਰਸ਼ਾਸਨਿਕ ਸੇਵਾਵਾਂ ਦੀ ਮਹੱਤਤਾ ਨੂੰ ਵੀ ਰੇਖਾਂਕਿਤ ਕਰਦੇ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਰਬੀਰ ਕੌਰ ਭੁੱਲਰ, ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਓਇਸ਼ੀ ਮੰਡਲ, ਐਸ.ਪੀ ਨਵਨੀਤ ਕੌਰ ਗਿੱਲ, ਆਰ.ਟੀ.ਓ ਸੰਜੀਵ ਕੁਮਾਰ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਮੁੱਖ ਮੰਤਰੀ ਫੀਲਡ ਅਫ਼ਸਰ-ਕਮ-ਐਸ.ਡੀ.ਐਮ ਟਾਂਡਾ ਪਰਮਪ੍ਰੀਤ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਐਮਰਜੈਂਸੀ ਨਾਲ ਨਜਿੱਠਣ ਲਈ ਕਰਵਾਈ ਜ਼ਿਲ੍ਹਾ ਪੱਧਰੀ ਮੌਕ ਡਰਿੱਲ

## ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਦਸੂਹਾ ਕੈਂਟ ਗਰਾਊਂਡ ਵਿਚ ਹੋਇਆ ਅਭਿਆਸ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ’ਤੇ ਜ਼ਿਲ੍ਹਾ ਵਾਸੀਆਂ ਨੂੰ ਐਮਰਜੈਂਸੀ ਸਥਿਤੀ ਵਿਚ ਸੁਰੱਖਿਆ ਅਤੇ ਬਚਾਅ ਪ੍ਰਤੀ ਜਾਗਰੂਕ ਕਰਨ ਅਤੇ ਪ੍ਰਸ਼ਾਸਨਿਕ ਤਿਆਰੀਆਂ ਦੀ ਜਾਂਚ ਦੇ ਮਕਸਦ ਨਾਲ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਅੱਜ ਦਸੂਹਾ ਦੇ ਕੈਂਟ ਗਰਾਊਂਡ ਵਿੱਚ ਇਕ ਜ਼ਿਲ੍ਹਾ ਪੱਧਰੀ ਮੌਕ ਡਰਿੱਲ ਦਾ ਆਯੋਜਨ ਕੀਤਾ ਗਿਆ। ਡਰਿੱਲ ਦੇ ਦ੍ਰਿਸ਼ ਅਨੁਸਾਰ, ਇਕ ਮਿਲਟਰੀ ਸਟੇਸ਼ਨ ’ਤੇ ਦੁਸ਼ਮਣ ਦੇ ਡਰੋਨਾਂ ਦੇ ਝੁੰਡ ਵੱਲੋਂ ਹਮਲਾ ਕੀਤਾ ਗਿਆ, ਜਿਸ ਤੋਂ ਬਾਅਦ ਸਟੇਸ਼ਨ ਕਮਾਂਡਰ ਨੇ ਸਿਵਲ ਪ੍ਰਸ਼ਾਸਨ ਤੋਂ ਮਦਦ ਮੰਗੀ। ਇਸ ਦੇ ਤਹਿਤ ਮੌਕੇ ’ਤੇ ਪਹੁੰਚੇ ਪ੍ਰਸ਼ਾਸਨ ਨੇ 20 ਪੀੜਤਾਂ ਨੂੰ ਸੁਰੱਖਿਅਤ ਸਥਾਨ ’ਤੇ ਪਹੁੰਚਾਉਣ ਦਾ ਅਭਿਆਸ ਕੀਤਾ। ਡਰਿੱਲ ਦੇ ਸਮਾਪਤੀ ’ਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਹ ਅਭਿਆਸ ਸਰਕਾਰ ਦੀ ਚੌਕਸੀ ਨੀਤੀ ਦੇ ਤਹਿਤ ਕੀਤਾ ਗਿਆ ਹੈ ਤਾਂ ਜੋ ਕਿਸੇ ਵੀ ਅਣਸੁਖਾਵੀਂ ਜਾਂ ਐਮਰਜੈਂਸੀ ਸਥਿਤੀ ਵਿਚ ਜ਼ਿਲ੍ਹਾ ਪ੍ਰਸ਼ਾਸਨ ਦੀ ਕਾਰਜਕੁਸ਼ਲਤਾ ਅਤੇ ਤਾਲਮੇਲ ਦੀ ਜਾਂਚ ਕੀਤੀ ਜਾ ਸਕੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸਿਰਫ਼ ਇਕ ਮਾਡਲ ਅਭਿਆਸ ਪ੍ਰਕਿਰਿਆ ਸੀ, ਜਿਸ ਕਾਰਨ ਆਮ ਜਨਤਾ ਨੂੰ ਡਰਨ ਜਾਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਮੌਕ ਡਰਿੱਲ ਦਾ ਮੁੱਖ ਮਕਸਦ ਜ਼ਿਲ੍ਹਾ ਵਾਸੀਆਂ ਨੂੰ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਮਾਨਸਿਕ ਤੌਰ ’ਤੇ ਤਿਆਰ ਕਰਨਾ ਹੈ। ਨਾਲ ਹੀ, ਉਨ੍ਹਾਂ ਨੌਜਵਾਨਾਂ ਨੂੰ ਸਰਕਾਰ ਅਤੇ ਪ੍ਰਸ਼ਾਸਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਜਾਗਰੂਕਤਾ ਮੁਹਿੰਮ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕ ਡਰਿੱਲ ਵਿੱਚ ਸਿਵਲ ਡਿਫੈਂਸ, ਫਾਇਰ ਬ੍ਰਿਗੇਡ, ਸਿਹਤ ਟੀਮਾਂ, 12 ਪੰਜਾਬ ਐਨ.ਸੀ.ਸੀ., ਐਨ.ਐਸ.ਐਸ. ਪੁਲਿਸ ਅਤੇ ਹੋਮ ਗਾਰਡ ਦੇ ਅਧਿਕਾਰੀਆਂ ਅਤੇ ਜਵਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਅਭਿਆਸ ਦੌਰਾਨ ਆਪਸੀ ਤਾਲਮੇਲ ਅਤੇ ਤੁਰੰਤ ਪ੍ਰਤੀਕਿਰਿਆ ਸਮਰੱਥਾ ਦੀ ਵੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ। ਐਸ.ਡੀ.ਐਮ. ਦਸੂਹਾ ਕੰਵਲਜੀਤ ਸਿੰਘ ਨੇ ਮੌਕ ਡਰਿੱਲ ਦਾ ਸੰਚਾਲਨ ਕੀਤਾ ਅਤੇ ਪੰਜਾਬ ਪੁਲਿਸ, ਹੋਮ ਗਾਰਡ, ਸਿਵਲ ਡਿਫੈਂਸ, ਸਿਵਲ ਸਰਜਨ ਅਤੇ ਫਾਇਰ ਬ੍ਰਿਗੇਡ ਨਾਲ ਮਿਲ ਕੇ ਇਸ ਅਭਿਆਸ ਨੂੰ ਸਫਲਤਾਪੂਰਵਕ ਸੰਪਨ ਕਰਵਾਇਆ। ਡਰਿੱਲ ਦੌਰਾਨ ਆਮ ਨਾਗਰਿਕਾਂ ਦੀ ਮੌਜੂਦਗੀ ਵੀ ਰਹੀ, ਜਿਨ੍ਹਾਂ ਵਿਚੋਂ ਕਈ ਲੋਕਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਪ੍ਰਸ਼ਾਸਨ ਦੇ ਯਤਨਾਂ ਦੀ ਪ੍ਰਸੰਸਾ ਕੀਤੀ। ਪ੍ਰਸ਼ਾਸਨ ਨੇ ਭਰੋਸਾ ਦਿਵਾਇਆ ਕਿ ਭਵਿੱਖ ਵਿਚ ਵੀ ਅਜਿਹੇ ਅਭਿਆਸ ਜਾਰੀ ਰਹਿਣਗੇ ਤਾਂ ਜੋ ਜ਼ਿਲ੍ਹੇ ਨੂੰ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਹੋਰ ਵੀ ਸਮਰੱਥ ਬਣਾਇਆ ਜਾ ਸਕੇ। ।

# ਨਕਲੀ ਤੇ ਜ਼ਹਿਰੀਲੀ ਸ਼ਰਾਬ ਦੀ ਰੋਕਥਾਮ ਲਈ ਬੋਤਲਾਂ ਨਸ਼ਟ ਕਰਨੀਆਂ ਜਰੂਰੀ - ਜਸਵਿੰਦਰ ਜੀਤ ਸਿੰਘ ਬੇਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਗੈਰ ਕਾਨੂੰਨੀ ਅਤੇ ਜ਼ਹਿਰੀਲੀ ਸ਼ਰਾਬ ਦੀ ਰੋਕਥਾਮ ਲਈ ਚੁੱਕੇ ਜਾ ਰਹੇ ਕਦਮਾਂ ਤਹਿਤ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਜ਼ਿਲ੍ਹੇ ਦੇ ਮੈਰਿਜ ਪੈਲੇਸਾਂ, ਰੈਸਟੋਰੈਟਾਂ, ਹੋਟਲਾਂ ਅਤੇ ਬਾਰ ਮਾਲਕਾਂ ਨੂੰ ਸ਼ਰਾਬ ਪਰੋਸਣ ਅਤੇ ਪੀਣ ਤੋਂ ਬਾਅਦ ਖਾਲੀ ਬੋਤਲਾਂ ਨੂੰ ਤੁਰੰਤ ਨਸ਼ਟ ਕਰਨ ਦੀ ਹਦਾਇਤ ਕੀਤੀ ਤਾਂ ਜੋ ਇਨ੍ਹਾਂ ਬੋਤਲਾਂ ਦੀ ਦੁਰਵਰਤੋਂ ਨਾ ਹੋ ਸਕੇ। ਆਬਕਾਰੀ ਵਿਭਾਗ ਦੀ ਜਲੰਧਰ ਰੇਂਜ 1 ਦੇ ਸਹਾਇਕ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ‘ਤੇ ਆਬਕਾਰੀ ਅਫਸਰ ਜਸਵਿੰਦਰ ਜੀਤ ਸਿੰਘ ਬੇਦੀ ਦੀ ਅਗਵਾਈ ਸਥਾਨਕ ਆਬਕਾਰੀ ਦਫ਼ਤਰ ਵਿਖੇ ਮੈਰਿਜ ਪੈਲੇਸਾਂ, ਰੈਸਟੋਰੈਟਾਂ, ਹੋਟਲਾਂ ਅਤੇ ਬਾਰ ਮਾਲਕਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਆਬਕਾਰੀ ਅਫਸਰ ਜਸਵਿੰਦਰ ਜੀਤ ਸਿੰਘ ਬੇਦੀ ਨੇ ਹੋਟਲ, ਬਾਰ ਅਤੇ ਰੈਸਟੋਰੈਂਟ ਮਾਲਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਰਤੋਂ ਤੋਂ ਬਾਅਦ ਸ਼ਰਾਬ ਦੀਆਂ ਖਾਲੀ ਬੋਤਲਾਂ ਨੂੰ ਆਬਕਾਰੀ ਨਿਰੀਖਕ ਸੰਬੰਧਤ ਸਰਕਲ ਦੀ ਹਾਜ਼ਰੀ ਵਿੱਚ ਨਸ਼ਟ ਕੀਤਾ ਜਾਵੇ।



ਉਨ੍ਹਾਂ ਕਿਹਾ ਕਿ ਇਹ ਬਹੁਤ ਜਰੂਰੀ ਕਾਰਵਾਈ ਹੈ ਜਿਸ ਨੂੰ ਹਰ ਹਾਲ ਯਕੀਨੀ ਬਣਾਇਆ ਜਾਵੇ ਤਾਂ ਜੋ ਇਨ੍ਹਾਂ ਬੋਤਲਾਂ ਦੀ ਵਰਤੋਂ ਨਕਲੀ ਅਤੇ ਸਸਤੀ ਸ਼ਰਾਬ ਭਰਨ ਲਈ ਨਾ ਕੀਤੀ ਜਾ ਸਕੇ । ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਅਜਿਹੇ ਅਨਸਰ ਸਰਗਰਮ ਰਹਿੰਦੇ ਹਨ ਜੋ ਅਜਿਹੀਆਂ ਬੋਤਲਾਂ ਵਿੱਚ ਜਹਰੀਲੀ ਸ਼ਰਾਬ ਭਰ ਕੇ ਪੇਂਡੂ ਖੇਤਰਾਂ ਦੇ ਮਾਸੂਮ ਮਜ਼ਦੂਰਾਂ ਅਤੇ ਗਰੀਬ ਲੋਕਾਂ ਨੂੰ ਮਹਿੰਗੀ ਸ਼ਰਾਬ ਸਸਤੇ ਭਾਅ ‘ਤੇ ਵੇਚਣ ਦਾ ਲਾਲਚ ਦੇ ਕੇ ਵੇਚਦੇ ਹਨ । ਉਨ੍ਹਾਂ ਕਿਹਾ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਮਨੁੱਖੀ ਸਿਹਤ ਅਤੇ ਜਾਨੀ ਨੁਕਸਾਨ ਨੂੰ ਅੰਜਾਮ ਦਿੰਦਿਆਂ ਹਨ ਜਿਨ੍ਹਾਂ ਨੂੰ ਰੋਕਣ ਲਈ ਸਾਰਿਆਂ ਦਾ ਸਹਿਯੋਗ ਜਰੂਰੀ ਹੈ । ਉਨ੍ਹਾਂ ਕਿਹਾ ਕਿ ਆਬਕਾਰੀ ਵਿਭਾਗ ਦੀਆਂ ਟੀਮਾਂ ਵੱਲੋਂ ਜ਼ਿਲੇ ਵਿਚ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਅਜਿਹੀ ਕਿਸੇ ਵੀ ਕਾਰਵਾਈ ਨੂੰ ਰੋਕਿਆ ਜਾ ਸਕੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਇਸ ਸੰਬੰਧੀ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਹੋਵੇ ਤਾਂ ਆਬਕਾਰੀ ਵਿਭਾਗ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਆਬਕਾਰੀ ਨਿਰੀਖਕ ਸੁਨੀਲ ਭਾਰਦਵਾਜ ਅਤੇ ਗੁਰਪ੍ਰੀਤ ਸਿੰਘ ਵੀ ਮੌਜੂਦ ਸਨ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS -** 1) ... ANAEMIA ... £120

2) ... (NERVE TONIC) ... £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) — £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP — £59
ਨੁਸਖਾ ਨੰਬਰ 11 (IN TABLETS) ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਰਿਸ਼ਤਿਆਂ ਦੇ ਰੰਗ

ਸਾਡਾ ਜੀਵਨ ਰਿਸਤਿਆਂ ਦੀ ਡੋਰ ਵਿੱਚ ਬੱਝਿਆ ਹੈ ਤੇ ਜੀਵਨ ਦੇ ਹਰ ਪੜਾਅ ਤੇ ਨਵੇ ਰਿਸਤੇ ਸਾਡੇ ਨਾਲ ਜੁੜਦੇ ਰਹਿੰਦੇ ਹਨ। ਕਦੇ ਅਸੀ ਪਾਪਾ ਪਾਪਾ ਕਹਿੰਦੇ ਸੀ ਬੜੇ ਸੁਖੀ ਰਹਿੰਦੇ ਸੀ ਵਾਲੀ ਗੱਲ ਤੇ ਖਰੇ ਉੱਤਰਦੇ ਹਾਂ ਤੇ ਫਿਰ ਪਾਪਾ ਪਾਪਾ ਅਖਵਾਇਆ ਬੜਾ ਦੁੱਖ ਪਾਇਆ ਦਾ ਫਲ ਭੋਗਦੇ ਹਾਂ। ਵੈਸੇ ਇਹ ਠੀਕ ਵੀ ਹੈ। ਇਹ ਦੁਨੀਆਂ ਵਿੱਚ ਪਾਪਾ ਡੈਡੀ ਬਾਪੂ ਅਖਵਾਉਣ ਦਾ ਚਾਅ ਵੀ ਵੱਖਰਾ ਹੁੰਦਾ ਹੈ ਤੇ ਇੱਕ ਬੇਟੇ ਦੇ ਰੂਪ ਵਿੱਚ ਬਾਪੂ ਦੀ ਗੋਦੀ ਦਾ ਆਨੰਦ ਵੀ ਦੁਨੀਆਂ ਦੇ ਉੱਤਮ ਦਰਜੇ ਦਾ ਆਨੰਦ ਹੈ।ਇਹ ਦੁਨੀਆ ਰਿਸਤਿਆਂ ਦੇ ਗੇੜ ਤੇ ਆਨੰਦ ਦੀ ਮਾਰੀ ਪਈ ਹੈ ਤੇ ਇਹਨਾ ਰਿਸਤਿਆਂ ਦੇ ਆਨੰਦ ਲਈ ਸਭ ਕੁਝ ਕਰਦੀ ਹੈ। ਜੇ ਮਾਂ ਦਾ ਰਿਸਤਾ ਰੱਬ ਦੇ ਬਰਾਬਰ ਹੈ ਤਾਂ ਮੂਲ ਨਾਲੋ ਵੱਧ ਵਿਆਜ ਪਿਆਰੇ ਅਨੁਸਾਰ ਪੋਤੇ ਪੋਤੀਆਂ ਨੂੰ ਖਿਡਾਉਣ ਦਾ ਲੁਫਤ ਵੀ ਆਹਲਾ ਦਰਜੇ ਦਾ ਹੈ।ਜਦੋ ਕੋਈ ਬੇਟਾ ਆਖਦਾ ਹੈ ਕੋਈ ਪਾਪਾ ਆਖ ਬੁਲਾਉਂਦਾ ਹੈ ਤਾਂ ਬਹੁਤ ਚੰਗਾ ਲੱਗਦਾ ਹੈ। ਤੇ ਮਾਂ ਸਬਦ ਦੇ ਸੰਬੋਧਨ ਦਾ ਤਾਂ ਸਵਾਦ ਹੀ ਵੱਖਰਾ ਹੈ। ਸਾਡੇ ਖੂਨ ਦੇ ਰਿਸਤਿਆਂ ਤੋ ਇਲਾਵਾ ਵੀ ਕਈ ਰਿਸਤੇ ਹੁੰਦੇ ਹਨ। ਜੋ ਉਮਰ ਵੇਖ ਕੇ ਹੀ ਬਣਾਏ ਜਾਂਦੇ ਹਨ। ਹਰਿਆਣਾ ਤੇ ਰਾਜਸਥਾਨ ਵਿੱਚ ਵੱਡੀ ਉਮਰ ਦੇ ਬਜੁਰਗਾਂ ਨੂੰ ਆਮ ਕਰਕੇ ਤਾਊ ਹੀ ਆਖਿਆ ਜਾਂਦਾ ਹੈ।ਤਾਊ ਅਖਵਾਉਣ ਤੇ ਆਖਣ ਵਾਲੇ ਨੂੰ ਕੋਈ ਝਿਜਕ ਨਹੀ ਹੁੰਦੀ। ਬਾਕੀ ਭਾਰਤ ਖਾਸ ਕਰ ਉੱਤਰੀ ਭਾਰਤ ਵਿੱਚ ਆਮ ਅਜਨਬੀ ਬੰਦੇ ਨੂੰ ਮਾਣ ਦੇਣ ਲਈ ਅੰਕਲ ਆਖਿਆ ਜਾਂਦਾ ਹੈ। ਤੇ ਕਈ ਆਪਣੀ ਉਮਰ ਦੇ ਘੱਟ ਫਰਕ ਆਲਿਆਂ ਤੋਂ ਅੰਕਲ ਅਖਵਾਕੇ ਰਾਜੀ ਨਹੀ ਹੁੰਦੇ।ਮੈਨੂੰ ਯਾਦ ਹੈ ਉਸ ਸਮੇ ਮੇਰੀ ਉਮਰ ਕੋਈ 40_42 ਸਾਲ ਦੀ ਹੀ ਸੀ ਮੈਂ ਆਪਣੇ ਦੋਸਤ ਦੀ ਦੁਕਾਨ ਤੇ ਬੈਠਾ ਸੀ ਇੱਕ ਮੁੰਡਾ ਜਿਸਨੇ ਦਾੜੀ ਟਰਿਮ ਕੀਤੀ ਹੋਈ ਸੀ ਉਸਦੀ ਉਮਰ ਕੋਈ 27_28 ਸਾਲ ਹੋਵੇਗੀ ਨੇ ਮੈਨੂੰ ਦੋ ਤਿੰਨ ਵਾਰ ਅੰਕਲ ਆਖਿਆ । ਪਤਾ ਨਹੀ ਕਿਉ ਮੈਨੂੰ ਬਹੁਤ ਹੀ ਅਜੀਬ ਜਿਹਾ ਲੱਗਿਆ ਤੇ ਗੁੱਸਾ ਵੀ ਆਇਆ । ਚਾਹੇ ਮੈ ਉਸਨੂੰ ਟੋਕਿਆ ਨਹੀ ਪਰ ਉਸਨੇ ਮੈਨੂੰ ਮੇਰੀ ਵੱਧਦੀ ਉਮਰ ਦਾ ਅਹਿਸਾਸ ਕਰਵਾ ਦਿੱਤਾ। ਉਸ ਤੋਂ ਪਹਿਲਾਂ ਮੈ ਆਪਣੇ ਆਪਨੂੰ ਜਵਾਨ ਜਿਹਾ ਮੁੰਡਾ ਹੀ ਸਮਝਦਾ ਸੀ ਕਿਉਕਿ ਉਸ ਵੇਲੇ ਮੇਰੇ ਪਾਪਾ ਜੀ ਜਿੰਦਾ ਸਨ ਤੇ ਮਾਂ ਪਿਉ ਦੇ ਹੁੰਦਿਆਂ ਇਨਸਾਨ ਕਦੇ ਵੀ ਆਪਣੇ ਆਪ ਨੂੰ ਪਰਪੱਕ ਜਿਹਾ ਨਹੀ ਸਮਝਦਾ।

ਖੂਨ ਦੇ ਰਿਸਤਿਆਂ ਤੋ ਇਲ-ਾਵਾ ਵੀ ਸਾਨੂੰ ਬਹੁਤ ਸਾਰੇ ਰਿਸਤੇ ਬਣਾਉਣੇ ਪੈਂਦੇ ਹਨ। ਜੋ ਸਾਡੇ ਸਮਾਜਿਕ ਜੀਵਨ ਲਈ ਜਰੂਰੀ ਹੁੰਦੇ ਹਨ। ਉਹਨਾ ਰਿਸਤਿਆਂ ਦਾ ਫੈਸਲਾ ਅਸੀ ਆਪਣੀ ਉਮਰ ਅਗਲੇ ਦੀ ਉਮਰ ਤੇ ਸਮਾਜਿਕ ਰੁਤਬੇ ਨੂੰ ਆਧਾਰ ਮੰਨ ਕੇ ਕਰਦੇ ਹਾਂ। ਪਿੰਡ ਦੀ ਧੀ ਨੂੰ ਸਾਰੇ ਪਿੰਡ ਦੀ ਧੀ ਸਮਝਿਆ ਜਾਂਦਾ ਹੈ ਤੇ ਪਿੰਡ ਦੇ ਜਵਾਈ ਨੂੰ ਵੀ ਸਾਰੇ ਪਿੰਡ ਵਲੋਂ ਇਹੋ ਜਿਹਾ ਮਾਣ ਸਨਮਾਨ ਦਿੱਤਾ ਜਾਂਦਾ ਹੈ। ਚਾਹੇ ਹੁਣ ਅਸੀ ਇੰਨੀ ਤਰੱਕੀ ਕਰ ਲਈ ਹੈ ਕਿ ਅਸੀ ਰਿਸਤਿਆਂ ਦੇ ਚੰਗਲ ਚੋ ਆਜਾਦ ਹੋਣਾ ਲੋਚਦੇ ਹਾਂ ਤੇ ਪੁਰਾਣੀਆਂ ਕਦਰਾਂ ਕੀਮਤਾਂ ਤੋ ਕਿਨਾਰਾ ਕਰ ਰਹੇ ਹਾਂ। ਕਦੇ ਗਰੀਬ ਦੀ ਜ਼ੋਰੂ ਸਭ ਦੀ ਭਾਬੀ ਹੁੰਦੀ ਸੀ। ਪਰ ਅੱਜ ਕੱਲ ਲੋਕ ਬਿਨਾ ਵਿਚਾਰੇ ਹੀ ਬੇਤੁੱਕਾ ਰਿਸਤਾ ਨਾਲ ਸੰਬੋਧਨ ਕਰਦੇ ਹਨ। ਕਈ ਵਾਰੀ ਤਾਂ ਉਮਰਾਂ ਦੇ ਫਾਸਲੇ ਵੀ ਇਹਨਾ ਬੇਤੁਕੇ ਰਿਸਤਿਆਂ ਦੀ ਭੇਟ ਚੜ੍ਹ ਜਾਂਦੇ ਹਨ। ਵੈਸੇ ਤਾਂ ਬਠਿੰਡਾ ਮੇਰੀ ਸੁਸਰਾਲ ਭੂਮੀ ਹੈ ਪਰ ਉਥੋ ਦਾ ਹੀ ਮੇਰਾ ਇੱਕ ਲਿਹਾਜੀ ਜੋ ਮੈਥੋ ਦੱਸ ਪੰਦਰਾਂ ਸਾਲ ਵੱਡਾ ਹੈ ਮੇਰੀ ਘਰਵਾਲੀ ਨੂੰ ਭਰਜਾਈ ਆਖਕੇ ਸੰਬੋਧਨ ਕਰਦਾ ਹੈ । ਚਾਹੇ ਇਹ ਕੋਈ ਖਾਸ ਗੱਲ ਨਹੀ ਪਰ ਅੱਟਪਟਾ ਜਿਹਾ ਜਰੂਰ ਲੱਗਦਾ ਹੈ।ਤੇ ਟੋਕਣ ਨੂੰ ਦਿਲ ਵੀ ਨਹੀ ਕਰਦਾ।

ਔਰਤਾਂ ਦੇ ਵਿੱਚ ਇਸ ਗੱਲ ਨੂੰ ਲੈਕੇ ਅਕਸਰ ਈਰਖਾ ਪਨਪਦੀ ਹੈ ਤੇ ਇੱਕ ਦੂਜੀ ਨੂੰ ਮਾਤ ਦੇਣ ਦੇ ਚੱਕਰ ਵਿੱਚ ਉਹ ਆਮ ਤੋਰ ਤੇ ਆਂਟੀ ਸਬਦ ਦਾ ਪ੍ਰਯੋਗ ਕਰਦੀਆਂ ਹਨ। ਤਾਂਕਿ ਸਾਹਮਣੀ ਔਰਤ ਦੀ ਉਮਰ ਨੂੰ ਥੋੜਾ ਵੱਡਾ ਦਿਖਾਇਆ ਜਾ ਸਕੇ। ਦੀਦੀ ਸਬਦ ਤਾਂ ਉਹ ਮਤਲਬ ਵੇਲੇ ਹੀ ਵਰਤਦੀਆਂ ਹਨ। ਕਾਫੀ ਪੁਰਾਣੀ ਗੱਲ ਹੈ ਉਦੋ ਮੇਰੇ ਫੁਫੜ ਜੀ ਨੇ ਅਜੇ ਆਪਣੀ ਦਾਹੜੀ ਡਾਈ ਕਰਨੀ ਸੂਰੂ ਨਹੀ ਸੀ ਕੀਤੀ। ਇੱਕ ਦਿਨ ਜਦੋਂ ਉਹ ਗੁਰੂਦਵਾਰੇ ਤੋ ਆ ਰਹੇ ਸੀ ਤਾਂ ਇੱਕ ਮਾਈ ਜੋ ਕਾਫੀ ਵਢੇਰੀ ਉਮਰ ਦੀ ਸੀ ਕਹਿੰਦੀ ਬਾਬਾ ਜੀ ਸੰਗਰਾਂਦ ਕਦੋ ਹੈ। ਫੁਫੱੜ ਜੀ ਉਸਦੇ ਇਸ ਸੰਬੋਧਨ ਤੋਂ ਇੱਕ ਦਮ ਹੈਰਾਨ ਰਹਿ ਗਏ ਤੇ ਬੇਟਾ ਹੁਣੇ ਭਾਈ ਜੀ ਨੂੰ ਪੁੱਛਕੇ ਦੱਸਦਾ ਹਾਂ। ਉਹਨਾਂ ਨੇ ਬੜੇ ਠਰੰਮੇ ਨਾਲ ਉੱਤਰ ਦਿੱਤਾ। ਤੇ ਹੁਣ ਪੁਛਣ ਵਾਲੀ ਮਾਈ ਡੌਰ ਭੌਰ ਹੋ ਗਈ। ਹੁਣ ਵੀ ਫੁਫੱੜ ਜੀ ਕਈ ਵਾਰੀ ਇਹ ਗੱਲ ਚਿਤਾਰਦੇ ਹਨ। ਖੂਨੀ ਰਿਸਤਿਆਂ ਦੇ ਵਿੱਚ ਵੀ ਬਹੁਤ ਤਰਾਂ ਦੀਆਂ ਗੱਲਾਂ ਹੋ ਜਾਂਦੀਆਂ ਹਨ। ਪਹਿਲਾਂ ਵੱਟੇ ਦੇ ਰਿਸਤੇ ਹੁੰਦੇ ਸਨ। ਓਹੀ ਮਾਮਾ ਤੇ ਓਹੀ ਫੁਫੱੜ ਹੁੰਦਾ ਸੀ ਪਰ ਲੋਕ ਫੁਫੜ ਅਖਵਾਕੇ ਜਿਆਦਾ ਖੁਸ ਹੁੰਦੇ ਸਨ। ਤੇ ਉਹ ਆਪਣੇ ਭਾਣਜਿਆਂ ਨੂੰ ਫੁਫੜ ਆਖਣ ਲਈ ਪ੍ਰੇਰਿਤ ਕਰਦੇ ਤੇ ਗੋਲੀਆਂ ਟੋਫੀਆਂ ਦਾ ਲਾਲਚ ਵੀ ਦਿੰਦੇ। ਯਾਰ ਮੈਨੂੰ ਫੁਫੜ ਨਾ ਆਖੀ ਮੇਰਾ ਢਿੱਡ ਦੁਖਣ ਲੱਗ ਜਾਵੇਗਾ । ਉਹ ਅਕਸਰ ਭਾਣਜਿਆਂ ਨੂੰ ਕਹਿੰਦੇ ਤੇ ਸਰਾਰਤੀ ਭਾਣਜੇ ਮਾਮੇ ਨੂੰ ਫੁਫੜ ਫੁਫੜ ਆਖ ਕੇ ਚਿੜਾਉਂਦੇ। ਇਸੇ ਤਰਾਂ ਕਈ ਲੋਕ ਇੱਕ ਥਾਂ ਵਿਆਹੀਆਂ ਦੋ ਭੈਣਾਂ ਨੂੰ ਭਾਬੀ ਤੇ ਸਾਲੀ ਆਖਣ ਦਾ ਮਜਾ ਲੈਂਦੇ।

ਇਹੀ ਸੰਬੋਧਨ ਕਈ ਵਾਰੀ ਵਿਗੜੇ ਕੰਮ ਸੰਵਾਰ ਦਿੰਦਾ ਹੈ ਤੇ ਕਈ ਵਾਰੀ ਸਾਰਾ ਮਾਮਲਾ ਹੀ ਉਲਟਾ ਦਿੰਦਾ ਹੈ।ਸਿਆਣੇ ਅਪਰਾਧੀ ਸਿਪਾਹੀ ਨੂੰ ਹੋਲਦ-ਾਰ ਤੇ ਹੋਲਦਾਰ ਨੂੰ ਥਾਣੇਦਾਰ ਆਖ ਕੇ ਆਪਣਾ ਮਤਲਬ ਕੱਢ ਲੈਂਦੇ ਹਨ। ਪਰ ਕੁਝ ਲੋਕ ਉਲਟ ਬੋਲਕੇ ਸਾਰਾ ਮਾਮਲਾ ਹੀ ਵਿਗਾੜ ਲੈਂਦੇ ਹਨ। ਕਈ ਆਦਮੀ ਦਫਤਰ ਦੇ ਵੱਡੇ ਬਾਬੂ ਨੂੰ ਕਲਰਕ ਸਾਹਿਬ ਆਖਕੇ ਆ ਬੈਲ ਮੁਝੇ ਮਾਰ ਵਾਲੇ ਹਾਲਾਤ ਪੈਦਾ ਕਰ ਲੈਂਦੇ ਹਨ। ਤੇ ਕਈ ਕਲਰਕ ਨੂੰ ਵੱਡਾ ਸਾਹਿਬ ਆਖਕੇ ਆਪਣਾ ਮਤਲਬ ਕੱਢ ਲੈਂਦੇ ਹਨ। ਗੱਲ ਸਿਰਫ ਸੰਬੋਧਨ ਤੇ ਹੀ ਨਿਰਭਰ ਕਰਦੀ ਹੈ। ਤੇ ਇਹ ਸੰਬੋਧਨ ਵੀ ਅਕਲ ਨਾਲ ਕੀਤਾ ਜਾਂਦਾ ਹੈ। ਇਸ ਵਿੱਚ ਸਾਡੀ ਸੋਚ ਦਾ ਵੀ ਪਤਾ ਚੱਲਦਾ ਹੈ। ਕਿਸੇ ਨੂੰ ਕੀ ਆਖ ਕੇ ਬੁਲਾਇਆ ਜਾ ਬੁਲ-ਾਉਣਾ ਹੈ ਇਹ ਬਹੁਤ ਸਮਝਦਾਰੀ ਦਾ ਵਿਸ਼ਾ ਹੈ। ਤੇ ਪੂਰੀ ਸਿਆਣਪ ਨਾਲ ਸੰਬੋਧਨ ਦੀ ਚੋਣ ਕਰਨੀ ਹੀ ਅਸਲੀ ਸਿਆਣਪ ਹੈ।




**ਰਮੇਸ ਸੇਠੀ ਬਾਦਲ**
**ਮੋ 98 766 27 233**

# ਆਓ! ਮੁੜ ਸਾਈਕਲ ਨੂੰ ਅਪਣਾਈਏ, ਸਿਹਤਮੰਦ ਤੇ ਬੇਫਿਕਰ ਜੀਵਨ ਹੰਢਾਈਏ

ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਵਿੱਚ ਜਿੱਥੇ ਆਵਾਜਾਈ ਦੇ ਅਨੇਕਾਂ ਸਾਧਨ ਉਪਲੱਬਧ ਹਨ, ਉੱਥੇ ਹੀ ਸਾਈਕਲ ਵਰਗਾ ਪੁਰ-ਾਣਾ ਤੇ ਪ੍ਰਭਾਵਸ਼ਾਲੀ ਸਾਧਨ ਅਜੇ ਵੀ ਆਪਣੀ ਅਹਿਮੀਅਤ ਨੂੰ ਕਾਇਮ ਰੱਖੇ ਹੋਏ ਹੈ। ਇਹ ਨਾ ਸਿਰਫ਼ ਸਭ ਤੋਂ ਸਸਤਾ ਵਾਹਨ ਹੈ, ਸਗੋਂ ਵਾਤਾਵਰਨ-ਮਿੱਤਰ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਵੀ ਹੈ। ਸਾਈਕਲ ਇਕ ਅਜਿਹਾ ਵਾਹਨ ਹੈ ਜੋ ਪ੍ਰਦੂਸ਼ਣ ਤੋਂ ਰਹਿਤ ਹੈ, ਜਿਸ ਦੀ ਵਰਤੋਂ ਨਾਲ ਨਾ ਸਿਰਫ਼ ਥੋੜ੍ਹਾ ਜਿਹਾ ਭਾਰ ਢੋਇਆ ਜਾ ਸਕਦਾ ਹੈ, ਸਗੋਂ ਇਸ ਨਾਲ ਮਨੁੱਖ ਦੀ ਸਰੀਰਕ ਕਸਰਤ ਵੀ ਹੁੰਦੀ ਹੈ। ਸਮੇਂ ਦੇ ਨਾਲ ਮੋਟਰ ਵਾਹਨਾਂ ਨੇ ਜਿੱਥੇ ਸਾਡਾ ਸਮਾਂ ਬਚਾਇਆ ਹੈ, ਉੱਥੇ ਹੀ ਸਾਡੀ ਸਰੀਰਕ ਸਰਗਰਮੀ ਨੂੰ ਵੀ ਘੱਟ ਕਰ ਦਿੱਤਾ ਹੈ। ਜਿਸ ਦਾ ਨਤੀਜਾ,ਮੋਟਾਪਾ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਤੇ ਹੋਰ ਕਈ ਬਿਮਾਰੀਆਂ ਵਿਚ ਵੇਖਣ ਨੂੰ ਮਿਲ ਰਿਹਾ ਹੈ। ਪਰ ਜੇਕਰ ਅਸੀਂ ਦਿਨ ਦਾ ਥੋੜ੍ਹਾ ਜਿਹਾ ਸਮਾਂ ਕੱਢ ਕੇ ਸਾਈਕਲ ਚਲਾਈਏ,ਤਾਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਤੋਂ ਬਚਾਅ ਹੋ ਸਕਦਾ ਹੈ।

ਅੱਜਕੱਲ੍ਹ ਦਾ ਮਨੁੱਖ ਮੰਜ਼ਿਲ ਤੱਕ ਛੇਤੀ ਪਹੁੰਚਣ ਦੀ ਦੌੜ 'ਚ ਵਿਖਾਵੇ ਦੀ ਜ਼ਿੰਦਗੀ ਜੀਉਣ ਲੱਗ ਪਿਆ ਹੈ। ਵਿਅਰਥ ਦੀ ਸ਼ਾਨੋ-ਸ਼ੌਕਤ ਵਾਸਤੇ ਅਸੀਂ ਇੱਕਲੇ ਹੋਣ ਦੇ ਬਾਵਜੂਦ ਵੀ ਕਾਰਾਂ ਚਲਾ ਰਹੇ ਹਾਂ, ਜਿਸ ਨਾਲ ਨਾ ਸਿਰਫ਼ ਆਰਥਿਕ ਬੋਝ ਵੱਧ ਰਿਹਾ ਹੈ, ਸਗੋਂ ਪ੍ਰਦੂਸ਼ਣ ਅਤੇ ਟਰੈਫਿਕ ਜਾਮ ਵੀ ਵਧ ਰਹੇ ਹਨ। ਜਦੋਂ ਸਾਨੂੰ ਡਾਕਟਰ ਸਲਾਹ ਦਿੰਦੇ



ਪੰਜਾਬ ਦੇ ਮਾਲਵਾ ਖੇਤਰ ਨਾਲ ਸੰਬੰਧਿਤ ਦੋ ਨੌਜਵਾਨ ਗਭਰੂ ਬਲਦੇਵ ਸਿੰਘ ਅਤੇ ਖੁੱਦਾ ਸਿੰਘ ਆਪਣੇ ਅਡੋਲ ਹੌਸਲੇ ਅਤੇ ਜਜ਼ਬੇ ਦੀ ਮਿਸਾਲ ਬਣਦੇ ਹੋਏ ਸਾਈਕਲ ਯਾਤਰਾ ਰਾਹੀਂ ਭਾਰਤ ਸਮੇਤ ਗੁਆਂਢੀ ਦੇਸ਼ਾਂ ਵਿੱਚ ਲਗਭਗ 20,000 ਕਿਲੋਮੀਟਰ ਦੀ ਦੂਰੀ ਤੈਅ ਕਰ ਚੁੱਕੇ ਹਨ। ਆਪਣੀ ਇਸ ਯਾਤਰਾ ਰਾਹੀਂ ਇਹ ਦੋਵੇਂ ਨੌਜਵਾਨ ਨਾ ਸਿਰਫ਼ ਸਿਹਤ ਅਤੇ ਸਫ਼ਰ ਦੇ ਜਨੂੰਨ ਨੂੰ ਜ਼ਿੰਦਗੀ ਵਿੱਚ ਉਤਾਰ ਰਹੇ ਹਨ, ਬਲਕਿ ਪੰਜਾਬੀ ਜਜ਼ਬੇ ਨੂੰ ਵੀ ਪੂਰੀ ਦੁਨੀਆ ਭਰ 'ਚ ਉਜਾਗਰ ਕਰ ਰਹੇ ਹਨ।

ਹਨ ਕਿ ਸਵੇਰੇ - ਸਵੇਰੇ ਸਾਈਕਲ ਚਲਾਇਆ ਕਰੋ, ਤਾਂ ਅਸੀਂ ਜਿਮ 'ਚ ਜਾ ਕੇ ਬਨਾਉਟੀ ਸਾਈਕਲਾਂ ਤੇ ਪੈਸਾ ਖਰਚ ਕਰਦੇ ਹਾਂ। ਭਲਾ, ਉਹੀ ਕਸਰਤ ਅਸੀਂ ਕੁਦਰਤ ਦੀ ਹਵਾ ਖਾਂਦੇ ਹੋਏ ਮੁਫ਼ਤ 'ਚ ਸੜਕਾਂ ਤੇ ਨਹੀਂ ਕਰ ਸਕਦੇ। ਅਸੀਂ ਅਕਸਰ ਬਜ਼ੁਰਗਾਂ ਨੂੰ ਵੇਖਦੇ ਹਾਂ ਜੋ ਅੱਜ ਵੀ ਅੱਸੀ-ਅੱਸੀ ਸਾਲ ਦੀ ਉਮਰ ਵਿੱਚ ਸਾਈਕਲ ਚਲਾ ਰਹੇ ਹਨ ਅਤੇ ਸਿਹਤਮੰਦ ਜੀਵਨ ਜੀ ਰਹੇ ਹਨ। ਉਹ ਮੰਨਦੇ ਹਨ ਕਿ ਸਾਈਕਲ ਉਨ੍ਹਾਂ ਲਈ ਕੋਈ ਸਧਾਰਣ ਵਾਹਨ ਨਹੀਂ, ਸਗੋਂ ਸੰਜੀਵਨੀ ਬੂਟੀ ਹੈ।

ਜੇਕਰ ਗੱਲ ਪੁਰਾਣੇ ਸਮਿਆਂ ਦੀ ਕਰੀਏ ਤਾਂ ਸਾਈਕਲ ਕਿਸੇ ਸਮੇਂ ਆਵਾਜਾਈ ਦਾ ਸਭ ਤੋਂ ਮੁੱਖ ਸਾਧਨ ਹੁੰਦਾ ਸੀ। ਵਿਦਿਆਰਥੀ, ਕਿਸਾਨ, ਮਜ਼ਦੂਰ, ਹਰ ਵਰਗ ਦਾ ਆਦਮੀ ਸਾਈਕਲ ਦੁਆਰਾ ਆਪਣਾ ਦਿਨ ਚੰਗੀ ਤਰ੍ਹਾਂ ਬਿਤਾਉਂਦਾ ਸੀ। ਇਹ ਗਰੀਬ ਦਾ ਸਾਥੀ ਸੀ ਤੇ ਮੱਧਵਰਗ ਦੀ ਸ਼ਾਨ ਸੀ। ਉਨ੍ਹਾਂ ਸਮਿਆਂ 'ਚ ਜਦੋਂ ਵਿਆਹ-ਸ਼ਾਦੀਆਂ ਹੁੰਦੀਆਂ ਸਨ, ਤਾਂ ਜਵਾਈ ਨੂੰ ਤੋਹਫ਼ੇ ਵਜੋਂ ਸਾਈਕਲ ਦਿੱਤੀ ਜਾਂਦੀ ਸੀ ਅਤੇ ਉਹ ਵੀ ਟੌਹਰ ਨਾਲ ਆਪਣੇ ਸੁਹਰੇ-ਘਰ ਸਾਈਕਲ 'ਤੇ ਜਾਂਦਾ ਹੁੰਦਾ ਸੀ। ਸਾਈਕਲ ਦੇ ਵਧਦੇ ਮਹੱਤਵ ਨੂੰ ਵੇਖਦਿਆਂ ਹੀ ਹਰ ਸਾਲ 3 ਜੂਨ ਨੂੰ ਵਿਸ਼ਵ ਸਾਈਕਲ ਦਿਵਸ ਮਨਾਇਆ ਜਾਂਦਾ ਹੈ। ਇਸ ਦਿਵਸ ਦਾ ਮਕਸਦ ਲੋਕਾਂ ਵਿੱਚ ਸਾਈਕਲ ਦੀ ਉਪਯੋਗਿਤਾ, ਸਿਹਤ ਤੇ ਵਾਤਾਵਰਣ ਨਾਲ ਇਸਦੇ ਸੰਬੰਧ ਅਤੇ ਆਰਥਿਕ ਲਾਭਾਂ ਬਾਰੇ ਜਾਗਰੂਕਤਾ ਫੈਲਾਉਣਾ ਹੈ। ਕਈ ਸਥਾਨਾਂ ਤੇ ਇਸ ਦਿਨ ਸਾਈਕਲ ਰੈਲੀਆਂ, ਰੇਸਾਂ ਤੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਂਦੇ ਹਨ, ਜੋ ਲੋਕਾਂ ਨੂੰ ਸਾਈਕਲਿੰਗ ਵੱਲ ਉਤਸ਼ਾਹਿਤ ਕਰਦੇ ਹਨ।

ਇਹ ਦਿਵਸ ਸਿਰਫ਼ ਇਕ ਦਿਨ ਦੀ ਯਾਦ ਨਹੀਂ, ਸਗੋਂ ਇਹ ਲੰਬੇ ਸਮੇਂ ਲਈ ਸੋਚ ਬਦਲਣ ਦੀ ਲੋੜ ਹੈ। ਸੋ ਆਓ! ਅਸੀਂ ਵੀ ਇਹ ਸੋਚ ਅਪਨਾਉਣ ਦੀ ਕੋਸ਼ਿਸ਼ ਕਰੀਏ ਕਿ ਦਿਨ 'ਚ ਘੱਟੋ ਘੱਟ ਇੱਕ-ਦੋ ਘੰਟੇ ਸਾਈਕਲ ਜ਼ਰੂਰ ਚਲਾਈਏ। ਇਹ ਨਾ ਸਿਰਫ਼ ਸਾਡੀ ਸਿਹਤ ਨੂੰ ਚੰਗਾ ਰੱਖੇਗਾ, ਸਗੋਂ ਧਰਤੀ ਨੂੰ ਵੀ ਸਾਫ ਸੁਥਰਾ ਬਣਾਏਗਾ। ਆਓ, ਸਾਈਕਲ ਨੂੰ ਫਿਰ ਤੋਂ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਈਏ ਤੇ ਇਕ ਬਿਹਤਰ ਭਵਿੱਖ ਵੱਲ ਕਦਮ ਵਧਾਈਏ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਮਹੀਨਾਵਾਰ ਸਾਹਿਤਕ ਸਮਾਗਮ ਕੀਤਾ ਗਿਆ






**ਧੂਰੀ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਧੂਰੀ ( ਸੰਗਰੂਰ ) ਦਾ ਮਾਸਿਕ ਸਾਹਿਤਕ ਸਮਾਗਮ ਹਰ ਵਾਰੀ ਦੀ ਤਰ੍ਹਾਂ ਪਹਿਲੇ ਐਤਵਾਰ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤਕ ਭਵਨ ਵਿਖੇ ਕੀਤਾ ਗਿਆ । ਸੁਆਗਤੀ ਅਤੇ ਧੰਨਵਾਦੀ ਸ਼ਬਦਾਂ ਉਪਰੰਤ ਬੀਤੇ ਮਹੀਨੇ ਦੌਰਾਨ ਸਦੀਵੀ ਵਿਛੋੜਾ ਦੇਣ ਵਾਲ਼ੇ ਲੇਖਕਾਂ ਅਤੇ ਕਲਾਕਾਰਾਂ ਖੋਜੀ ਵਿਦਵਾਨ ਡਾ. ਰਤਨ ਸਿੰਘ ਜੱਗੀ , ਪਾਕਿਸਤਾਨੀ ਕਵੀ ਤਜੱਮਲ ਕਲੀਮ ਅਤੇ ਮਾਝੇ ਦੀ ਸੁਰੀਲੀ ਗਾਇਕਾ ਮੋਹਣੀ ਰਸੀਲਾ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ । ਦੂਸਰੇ ਮਤੇ ਰਾਹੀਂ ਸਰਕਾਰ ਤੋਂ ਤੈਲਗੂ ਭਾਸ਼ਾ ਦੇ ਹੇਜ ਦੀ ਥਾਂ ਮਾਤ ਭਾਸ਼ਾ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਮੰਗ ਕੀਤੀ ਗਈ ਅਤੇ ਤੀਜੇ ਮਤੇ ਰਾਹੀਂ ਸ਼ਹਿਰ ਦੇ ਹੋਣ-ਹਾਰ ਨੌਜਵਾਨ ਭਾਵਿਤ ਜੈਨ ਨੂੰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਪ੍ਰੀਖਿਆ ਪਾਸ ਕਰਕੇ ਧੂਰੀ ਇਲਾਕੇ ਦਾ ਨਾਂ ਰੌਸ਼ਨ ਕਰਨ ਅਤੇ ਡਾ. ਰਾਜਵੰਤ ਕੌਰ ਪੰਜਾਬੀ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਨਿਯੁਕਤ ਹੋਣ 'ਤੇ ਵਧਾਈ ਦਿੱਤੀ ਗਈ । ਦੂਸਰੇ ਦੌਰ ਵਿੱਚ ਇਸ ਮਹੀਨੇ ਜਨਮੇਂ ਮੈਂਬਰਾਂ ਵਿੱਚੋਂ ਹਾਜ਼ਰ ਗੁਰਦਿਆਲ ਨਿਰਮਾਣ , ਕੁਲਜੀਤ ਧਵਨ ਅਤੇ ਜਸਵੀਰ ਸਿੰਘ ਬੰਘਾਂਵਾਲੀ ਦਾ ਜਨਮ ਦਿਨ ਮਨਾ ਕੇ ਸਨਮਾਨਿਤ ਕੀਤਾ ਗਿਆ ਅਤੇ ਚੌਥੇ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ ਤਾਈਂ ਵਿਦੇਸ਼ ਬੈਠਿਆਂ ਨੂੰ ਮੁਬਾਰਕਬਾਦ ਭੇਜੀ ਗਈ । ਅਖ਼ੀਰ ਵਿੱਚ ਗੁਰਮੀਤ ਸਿੰਘ ਸੋਹੀ ਦੇ ਮੰਚ ਸੰਚਾਲਨ ਅਧੀਨ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਸਰਵ ਸ਼੍ਰੀ ਰਜਿੰਦਰ ਸਿੰਘ ਰਾਜਨ , ਜਗਦੇਵ ਸ਼ਰਮਾ , ਕਰਮ ਸਿੰਘ ਜ਼ਖ਼ਮੀ , ਪਵਨ ਕੁਮਾਰ ਹੋਸ਼ੀ , ਸਰਬਜੀਤ ਸੰਗਰੂਰਵੀ , ਬਲਜਿੰਦਰ ਈਲਵਾਲ , ਅਕਾਸ਼ ਪ੍ਰੀਤ ਬਾਜਵਾ , ਗੁਰਮੁਖ ਸਿੰਘ ਸੰਗਰੂਰ , ਅਜਾਇਬ ਸਿੰਘ ਕੋਮਲ , ਬਲਜੀਤ ਸਿੰਘ ਬਾਂਸਲ , ਅਮਰ ਗਰਗ ਕਲਮਦਾਨ , ਹਰਬੰਸ ਸਿੰਘ ਬੇਨੜਾ , ਸੁਖਵਿੰਦਰ ਲੋਟੇ , ਮਨਪ੍ਰੀਤ ਕੌਰ ਢੀਂਡਸਾ , ਮਨਜੀਤ ਕੌਰ ਸੰਧੂ , ਰਣਜੀਤ ਆਜ਼ਾਦ ਕਾਂਝਲਾ , ਮੀਤ ਸਕਰੌਦੀ , ਸ਼ੈਲੇਂਦਰ ਕੁਮਾਰ ਗਰਗ , ਪੇਂਟਰ ਸੁਖਦੇਵ ਸਿੰਘ ਅਤੇ ਬੇਟੀ ਗੋਰਸੀ ਸ਼ਰਮਾ ਨੇ ਆਪਣੀਆਂ ਸੱਜਰੀਆਂ ਅਤੇ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆਂ ।

# ਮਿਸ਼ਨਰੀ ਯੋਧੇ ਗੁਰਦਿਆਲ ਸਿੰਘ ਦੋਸਾਂਝ ਜੀ ਦੀ ਅੱਜ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਇਆ

## ਬਸਪਾ ਪ੍ਰਧਾਨ ਕਰੀਮਪੁਰੀ, ਪ੍ਰਵੀਨ ਬੰਗਾ ਤੇ ਹੋਰਨਾਂ ਵਲੋਂ ਨਿਘੀ ਸ਼ਰਧਾਂਜਲੀ ਦਿਤੀ







**ਬੰਗਾ(ਸਮਾਜ ਵੀਕਲੀ)** ਮਿਸ਼ਨਰੀ ਯੋਧੇ ਗੁਰਦਿਆਲ ਸਿੰਘ ਦੋਸਾਂਝ ਜੀ ਦੀ ਕੁਝ ਚਿਰ ਪਹਿਲਾਂ ਸਖ਼ਤ ਬਿਮਾਰ ਰਹੇ ਪਰ ਅਚਾਨਕ ਉਹਨਾਂ ਨੂੰ ਅਟਾਕ ਆਉਣ ਨਾਲ ਉਹ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ ਸਨ। ਅੱਜ ਉਹਨਾਂ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਇਆ ਜਿਸ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਪਹਿਲਾ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਕੀਰਤਨੀ ਜਥੇ ਨੇ ਵਿਰਾਗ ਮਈ ਕੀਰਤਨ ਸੁਣਾਕੇ ਸੰਗਤਾਂ ਨੂੰ ਨਿਹਾਲ ਕੀਤਾ। ਇਨ੍ਹਾਂ ਤੋਂ ਬਾਅਦ ਸ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਜੀ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਦੱਸਿਆ ਕਿ ਇਹ ਉਹ ਮਿਸ਼ਨਰੀ ਯੋਧਾ ਹੈ ਜਿਸ ਇਨਸਾਨ ਨੇ ਆਪਣੀ ਬਿਮਾਰੀ ਦੇ ਚੱਲਦੇ ਹੋਏ ਵੀ ਸੰਘਰਸ਼ ਵਿੱਚ ਹਿੱਸਾ ਪਾਇਆ ਇਹ ਇਨਸਾਨ ਦੋ ਪਾਸੇ ਲੜਾਈ ਲੜ੍ਹ ਰਿਹਾ ਸੀ ਇੱਕ ਆਪਣੀ ਬਿਮਾਰੀ ਨਾਲ ਦੂਸਰੇ ਪਾਸੇ ਮਨੂਵਾਦੀ ਸਿਸਟਮ ਦੇ ਨਾਲ, ਜਿਥੇ ਆਪਣੇ ਪਰਿਵਾਰ ਨੂੰ ਮਜ਼ਬੂਤ ਕਰਨ ਦੀ ਤਾਮੰਨਾ ਸੀ ਉਥੇ ਹੀ ਬਾਬਾ ਸਾਹਿਬ ਡਾ ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸਮਾਜ ਨੂੰ ਮਜ਼ਬੂਤ ਬਣਾਉਣ ਲਈ ਪੈਸਾ, ਸਮਾਂ ਅਤੇ ਲੋਕਾਂ ਦਾ ਇਕੱਠ ਵੀ ਪੇਸ਼ ਕਰਨਾ ਚਾਹੁੰਦਾ ਸੀ ਇਸ ਮੌਕੇ ਤੇ ਮੈਂ ਅਜਿਹੇ ਮਿਸ਼ਨਰੀ ਯੋਧੇ ਗੁਰਦਿਆਲ ਸਿੰਘ ਦੋਸਾਂਝ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਕੁਦਰਤ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਇਸ ਮੌਕੇ ਤੇ ਪ੍ਰਵੀਨ ਬੰਗਾ ਜਨਰਲ ਸਕੱਤਰ ਪੰਜਾਬ ਇੰਚਾਰਜ ਲੁਧਿਆਣਾ ਜੋਨ ਜੋ ਗੁਰਦਿਆਲ ਦੋਸਾਂਝ ਜੀ ਵਲੋਂ ਨਿਰਸਵਾਥ ਦੀ ਭਾਵਨਾ ਨਾਲ ਦਿਤੇ ਯੋਗਦਾਨ ਲਈ ਬਸਪਾ ਉਸ ਨੂੰ ਸਲੂਟ ਕਰਦੀ ਹੈ , ਇਸ ਮੌਕੇ ਤੇ ਮਨੋਹਰ ਕਮਾਮ ਜ਼ਿਲ੍ਹਾ ਇੰਚਾਰਜ, ਹਰਬਲਾਸ ਬਸਰਾ ਜ਼ਿਲ੍ਹਾ ਜਨਰਲ ਸਕੱਤਰ, ਵਿਜੇ ਕੁਮਾਰ ਗੁਣਾਚੌਰ ਜ਼ਿਲ੍ਹਾ ਸਕੱਤਰ, ਮਾਸਟਰ ਸਤਪਾਲ ਰਟੈਂਡਾ ਪ੍ਰਧਾਨ ਹਲਕਾ ਬੰਗਾ, ਅਸ਼ੋਕ ਕੁਮਾਰ ਸਰਪੰਚ ਉਪ ਪ੍ਰਧਾਨ ਹਲਕਾ ਬੰਗਾ, ਜਸਵੀਰ ਚਾਹਲਾ ਬੀ ਐੱਸ ਪੀ ਆਗੂ , ਨੌਜਵਾਨ ਆਗੂ ਡਾ ਰਣਜੀਤ ਸਿੰਘ ਝਿੰਗੜ, ਭਲਵਾਨ ਜਗਦੀਸ਼ ਗੁਰੂ, ਪਰਮਜੀਤ ਸਿੰਘ ਦੋਸਾਂਝ ਬਸਪਾ ਦੇ ਪ੍ਰਵਕਤਾ ਬੰਗਾ, ਮਹਿੰਦਰ ਪਾਲ ਬੈਂਕ ਮੈਨੇਜਰ, ਸੁਰਜੀਤ ਕਰੀਹਾ, , ਪਰਮਿੰਦਰ ਸੂਦ ਮੁਲਾਜ਼ਮ,ਪ੍ਰੋ ਹੁਸਨ ਬਸਰਾ, ਅਜਾਇਬ ਸਿੰਘ, ਧਰਮਪਾਲ ਤਲਵੰਡੀ, ਮਾਸਟਰ ਕਲਵਿੰਦਰ ਕਾਹਮਾ, ਦਿਨੇਸ਼ ਕਰੀਹਾ, ਵਿਜੇ ਕਰੀਹਾ ਵੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਵਡੀ ਗਿਣਤੀ ਵਿੱਚ ਪਾਰਟੀ ਵਰਕਰ ਸਮਾਜਿਕ ਤੇ ਰਾਜਨੀਤਕ ਨੁਮਾਇੰਦਿਆਂ ਤੋ ਇਲਾਵਾ ਸਕੇ ਸਬੰਧੀ ਹਾਜ਼ਰ ਸਨ। ਮੰਚ ਦਾ ਸੰਚਾਲਕ ਮਾਸਟਰ ਸੋਹਣ ਲਾਲ ਸਾਂਪਲਾ ਜੀ ਨੇ ਕਰਦੇ ਹੋਏ ਆਈਆਂ ਸੰਗਤਾਂ ਦਾ ਪਰਿਵਾਰ ਵਲੋਂ ਧੰਨਵਾਦ ਕੀਤਾ।

# ਡਾ. ਬਾਬਾ ਸਾਹਿਬ ਅੰਬੇਡਕਰ: ਇੱਕ ਵਿਚਾਰ ਅਤੇ ਇਸਦੀ ਦੁਰਵਰਤੋਂ ਦੀ ਜਾਂਚ

**ਜਾਣ-ਪਛਾਣ:**
ਡਾ. ਬਾਬਾ ਸਾਹਿਬ ਅੰਬੇਡਕਰ ਦਾ ਜੀਵਨ ਅਤੇ ਵਿਚਾਰਧਾਰਾ ਨਾ ਸਿਰਫ਼ ਦਲਿਤ ਚੇਤਨਾ ਦਾ ਧੁਰਾ ਰਹੀ ਹੈ, ਸਗੋਂ ਸਮਾਜਿਕ ਸਦਭਾਵਨਾ, ਸਮਾਨਤਾ ਅਤੇ ਨਿਆਂ ਦੀ ਮਸ਼ਾਲ ਵੀ ਰਹੀ ਹੈ। ਉਨ੍ਹਾਂ ਦੀ ਸੋਚ ਅਤੇ ਸੰਘਰਸ਼ ਨੇ ਭਾਰਤ ਦੇ ਸੰਵਿਧਾਨ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਅੱਜ, ਜਦੋਂ ਰਾਸ਼ਟਰਵਾਦ ਅਤੇ ਧਰਮ-ਅਧਾਰਤ ਭਾਸ਼ਣਾਂ ਦਾ ਪੁਨਰ ਨਿਰਮਾਣ ਕੀਤਾ ਜਾ ਰਿਹਾ ਹੈ, ਤਾਂ ਡਾ. ਅੰਬੇਡਕਰ ਦੀ ਵਿਚਾਰਧਾਰਾ ਨਾਲ ਛੇੜਛਾੜ ਅਤੇ ਉਨ੍ਹਾਂ ਦੇ ਵਿਚਾਰਾਂ ਦਾ ਪ੍ਰਤੀਕਾਤਮਕ ਰਾਜਨੀਤਿਕ ਸ਼ੋਸ਼ਣ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

**ਡਾ. ਬਾਬਾ ਸਾਹਿਬ ਅੰਬੇਡਕਰ ਦੀ ਵਿਰੋਧੀ ਪੇਸ਼ਕਾਰੀ**
ਡਾ. ਬਾਬਾ ਸਾਹਿਬ ਅੰਬੇਡਕਰ ਨੂੰ ਫਿਰਕੂ ਅਤੇ ਧਾਰਮਿਕ ਚਿੰਨ੍ਹਾਂ ਨਾਲ ਜੋੜ ਕੇ ਪੇਸ਼ ਕਰਨਾ ਉਨ੍ਹਾਂ ਦੇ ਮੂਲ ਵਿਚਾਰਾਂ ਨਾਲ ਸਪੱਸ਼ਟ ਵਿਸ਼ਵਾਸਘਾਤ ਹੈ। ਉਨ੍ਹਾਂ ਦੇ ਜੀਵਨ ਅਤੇ ਸੋਚ ਨੂੰ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੁਆਰਾ ਆਪਣੇ-ਆਪਣੇ ਏਜੰਡੇ ਦੇ ਅਨੁਕੂਲ ਢਾਲਿਆ ਜਾ ਰਿਹਾ ਹੈ:

**ਪ੍ਰਤੀਕਾਤਮਕ ਅਪਮਾਨ ਦੀਆਂ ਉਦਾਹਰਣਾਂ:**

1. ਤੰਜਾਵੁਰ, ਤਾਮਿਲਨਾਡੂ (ਦਸੰਬਰ 2022):
ਬਾਬਾ ਸਾਹਿਬ ਦੀ ਮੂਰਤੀ ਨੂੰ ਭਗਵਾ ਕੱਪੜੇ ਪਹਿਨਾਏ ਗਏ ਸਨ, ਅਤੇ ਮੱਥੇ 'ਤੇ ਤਿਲਕ ਅਤੇ ਸੁਆਹ ਲਗਾਈ ਗਈ ਸੀ। ਇਹ ਕੰਮ "ਬੱਦੂ ਮੱਕਲ ਕਾਂਚੀ" ਦੁਆਰਾ ਕੀਤਾ ਗਿਆ ਸੀ, ਜਿਸ ਦੇ ਇੱਕ ਅਧਿਕਾਰੀ ਨੂੰ ਬਾਅਦ ਵਿੱਚ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਸੀ।

2. ਉੱਤਰ ਪ੍ਰਦੇਸ਼ (2018):
ਭਾਜਪਾ ਵਿਧਾਇਕ ਮੰਜੂ ਦੇਵੀ ਨੇ ਡਾ. ਅੰਬੇਡਕਰ ਦੀ ਮੂਰਤੀ 'ਤੇ ਦੁੱਧ ਡੋਲ੍ਹਿਆ ਅਤੇ ਉਨ੍ਹਾਂ ਨੂੰ ਭਗਵਾ ਕੱਪੜੇ ਪਹਿਨਾਏ, ਜਿਸ ਨਾਲ ਇੱਕ ਰਾਜਨੀਤਿਕ ਵਿਵਾਦ ਖੜ੍ਹਾ ਹੋ ਗਿਆ। ਬਹੁਜਨ ਸਮਾਜ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਤ੍ਰਿਭੁਵਨ ਦੱਤ ਨੇ ਇਸ ਕਾਰਵਾਈ ਦੀ ਸਖ਼ਤ ਆਲੋਚਨਾ ਕੀਤੀ।

**3. ਸੰਵਿਧਾਨ ਚੌਕ, ਨਾਗਪੁਰ (ਅਕਤੂਬਰ 2024):**
ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਸ਼ਕਤੀ ਪ੍ਰਦਰਸ਼ਨ ਰੈਲੀ ਦੌਰਾਨ, 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾਏ ਗਏ ਅਤੇ ਡਾ. ਬਾਬਾ ਸਾਹਿਬ ਅੰਬੇਡਕਰ ਦੀ ਮੂਰਤੀ ਵਾਲੀ ਥਾਂ 'ਤੇ ਰੇਲਿੰਗ ਨੂੰ ਨੁਕ-



ਸਾਨ ਪਹੁੰਚਾਇਆ ਗਿਆ। ਇਹ ਸਥਾਨ ਬੋਧੀ ਭਾਈਚਾਰੇ ਲਈ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ।

**ਡਾ. ਬਾਬਾ ਸਾਹਿਬ ਅੰਬੇਡਕਰ ਅਤੇ ਤੀਰਥ ਯਾਤਰਾ ਦਾ ਵਿਰੋਧ**
ਭਾਰਤ ਸਰਕਾਰ ਦੁਆਰਾ 2015 ਵਿੱਚ ਸ਼ੁਰੂ ਕੀਤੀ ਗਈ ਪੰਚ ਤੀਰਥ ਯੋਜਨਾ ਨੇ ਬਾਬਾ ਸਾਹਿਬ ਦੇ ਜੀਵਨ ਨਾਲ ਜੁੜੇ ਪੰਜ ਸਥਾਨਾਂ ਨੂੰ ਤੀਰਥ ਸਥਾਨਾਂ ਵਜੋਂ ਵਿਕਸਤ ਕੀਤਾ:
1. ਮਹੂ (ਜਨਮਭੂਮੀ)
2. ਲੰਡਨ (ਸਿੱਖਿਆਭੂਮੀ)
3. ਨਾਗਪੁਰ (ਦੀਕਸ਼ਭੂਮੀ)
4. ਦਿੱਲੀ (ਪਰਿਨਿਰਵਾਣ ਭੂਮੀ)
5. **ਮੁੰਬਈ, ਰਾਜਗੀਰ (ਸਮ੍ਰਿਤੀ ਭੂਮੀ)**

ਜਦੋਂ ਕਿ ਇਹ ਯੋਜਨਾ ਸ਼ਰਧਾਂਜਲੀ ਦੇਣ ਦੀ ਕੋਸ਼ਿਸ਼ ਹੈ, ਇਹ ਵਿਰੋਧੀ ਵੀ ਹੈ ਕਿਉਂਕਿ ਅੰਬੇਡਕਰ ਖੁਦ ਤੀਰਥ ਯਾਤਰਾਵਾਂ ਅਤੇ ਮੂਰਤੀ ਪੂਜਾ ਦੇ ਵਿਰੁੱਧ ਸਨ। ਕੀ ਇਹ ਯੋਜਨਾ ਉਨ੍ਹਾਂ ਦੇ ਵਿਚਾਰਾਂ ਦੇ ਵਿਰੁੱਧ ਨਹੀਂ ਜਾਂਦੀ?

**ਡਾ. ਬਾਬਾ ਸਾਹਿਬ ਅੰਬੇਡਕਰ ਲਈ ਸੱਚਾ ਸਤਿਕਾਰ ਕੀ ਹੋਵੇਗਾ?**
1. ਸਿੱਖਿਆ ਨੂੰ ਸਰਵਉੱਚ ਹਥਿਆਰ ਬਣਾਉਣਾ:
ਬਾਬਾ ਸਾਹਿਬ ਕਹਿੰਦੇ ਸਨ - "ਸਿੱਖਿਅਤ ਬਣੋ, ਸੰਗਠਿਤ ਬਣੋ, ਸੰਘਰਸ਼ ਕਰੋ।" ਸਿੱਖਿਆ ਤੋਂ ਬਿਨਾਂ ਸਮਾਜਿਕ ਤਬਦੀਲੀ ਅਧੂਰੀ ਹੈ।
2. ਜਾਤੀਵਾਦ ਅਤੇ ਵਿਤਕਰੇ ਦਾ ਵਿਰੋਧ:
ਅੱਜ ਵੀ ਜਾਤੀ ਵਿਤਕਰਾ, ਉੱਚ-ਨੀਚ ਮਾਨਸਿਕਤਾ ਪ੍ਰਚਲਿਤ ਹੈ। ਇਸ ਵਿਰੁੱਧ ਲੜਨਾ ਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।
3. ਸੰਵਿਧਾਨ ਅਤੇ ਲੋਕਤੰਤਰ ਦੀ ਰੱਖਿਆ:
ਇਸ ਵੇਲੇ, ਸੰਵਿਧਾਨ ਹਮਲੇ ਅਧੀਨ ਹੈ। ਡਾ. ਬਾਬਾ ਸਾਹਿਬ ਅੰਬੇਡਕਰ ਦਾ ਸੰਵਿਧਾਨ ਹਰ ਨਾਗਰਿਕ ਦੇ ਅਧਿਕਾਰਾਂ ਦੀ ਗਰੰਟੀ ਹੈ।
4. ਬੌਧਿਕ ਅਤੇ ਸਮਾਜਿਕ ਅੰਦੋਲਨਾਂ ਨੂੰ ਮਜ਼ਬੂਤ ਕਰਨਾ:
ਸਥਾਨਕ ਪੱਧਰ 'ਤੇ ਅਧਿਐਨ ਸਰਕਲਾਂ, ਚਰਚਾ ਸਮੂਹਾਂ, ਸਮਾਜਿਕ ਨਿਆਂ ਮੰਚਾਂ ਦੀ ਸਥਾਪਨਾ ਜ਼ਰੂਰੀ ਹੈ।
5. ਡਿਜੀਟਲ ਸਾਧਨਾਂ ਰਾਹੀਂ ਵਿਚਾਰਾਂ ਦਾ ਪ੍ਰਚਾਰ:
ਸੋਸ਼ਲ ਮੀਡੀਆ, ਵੈੱਬਸਾਈਟਾਂ, ਕਿਤਾਬਾਂ ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਨੌਜਵਾਨਾਂ ਤੱਕ ਆਪਣੇ ਵਿਚਾਰਾਂ ਨੂੰ ਪਹੁੰਚਾਉਣਾ ਸਮੇਂ ਦੀ ਲੋੜ ਹੈ।
6. ਵਾਂਝੇ ਭਾਈਚਾਰਿਆਂ ਦੇ ਨਾਲ ਖੜ੍ਹੇ ਹੋਣਾ:
ਬਾਬਾ ਸਾਹਿਬ ਨੇ ਹਮੇਸ਼ਾ ਸ਼ੋਸ਼ਿਤਾਂ, ਮਜ਼ਦੂਰਾਂ, ਔਰਤਾਂ ਅਤੇ ਘੱਟ ਗਿਣਤੀਆਂ ਦਾ ਸਮਰਥਨ ਕੀਤਾ। ਸਾਨੂੰ ਉਨ੍ਹਾਂ ਦੇ ਸੰਘਰਸ਼ਾਂ ਨੂੰ ਵੀ ਅੱਗੇ ਵਧਾਉਣਾ ਹੋਵੇਗਾ।
7. ਆਪਣੇ ਜੀਵਨ ਵਿੱਚ ਅੰਬੇਡਕਰਵਾਦੀ ਸੋਚ ਨੂੰ ਅਪਣਾਉਣਾ:
ਉਨ੍ਹਾਂ ਦੀ ਵਿਗਿਆਨਕ, ਮਨੁੱਖੀ ਅਤੇ ਤਰਕਸ਼ੀਲ ਸੋਚ ਨੂੰ ਅਪਣਾਉਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ।

**ਸਿੱਟਾ:**
ਡਾ. ਬਾਬਾ ਸਾਹਿਬ ਅੰਬੇਡਕਰ ਦਾ ਸੁਪਨਾ ਸੀ - ਇੱਕ ਅਜਿਹਾ ਭਾਰਤ ਜਿੱਥੇ ਜਾਤ, ਧਰਮ, ਲਿੰਗ ਜਾਂ ਵਰਗ ਦੇ ਆਧਾਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਾ ਹੋਵੇ। ਇਹ ਸੁਪਨਾ ਅਜੇ ਵੀ ਅਧੂਰਾ ਹੈ। ਜਿੰਨਾ ਚਿਰ ਅਸੀਂ ਸਿਰਫ਼ ਮੂਰਤੀਆਂ ਦੀ ਪੂਜਾ ਕਰਦੇ ਹਾਂ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਭੁੱਲਦੇ ਰਹਿੰਦੇ ਹਾਂ, ਅਸਲ ਤਬਦੀਲੀ ਸੰਭਵ ਨਹੀਂ ਹੈ।
"ਜੋ ਆਪਣਾ ਇਤਿਹਾਸ ਭੁੱਲ ਜਾਂਦੇ ਹਨ, ਉਨ੍ਹਾਂ ਦਾ ਭੂਗੋਲ ਵੀ ਮਿਟ ਜਾਂਦਾ ਹੈ।"
ਇਸ ਲਈ, ਸਾਥੀਓ! ਹੁਣ ਉੱਠਣ ਦਾ, ਸੰਘਰਸ਼ ਕਰਨ ਦਾ ਸਮਾਂ ਹੈ -
ਬਾਬਾਸਾਹਿਬ ਦਾ ਸੱਦਾ ਹਰ ਪਲੇਟਫਾਰਮ, ਹਰ ਗਲੀ, ਹਰ ਆਵਾਜ਼ 'ਤੇ ਬੁਲੰਦ ਕਰਨ ਦਾ।
"ਨਾ ਤਾਂ ਮੰਦਰ ਦੀ ਕੋਈ ਇੱਛਾ ਸੀ, ਨਾ ਹੀ ਮਸਜਿਦ ਦੀ ਕੋਈ ਉਮੀਦ -
ਬਾਬਾਸਾਹਿਬ ਨੇ ਨਿਆਂ ਦਾ ਹਥਿਆਰ ਚੁੱਕਿਆ ਸੀ
ਉਨ੍ਹਾਂ ਕਿਹਾ, ਸਾਨੂੰ ਧਰਮ ਦਾ ਤਾਜ ਨਹੀਂ ਚਾਹੀਦਾ,
ਇਨਸਾਨ ਨੂੰ ਉਸਦੇ ਅਸਲ ਸਮਾਜ ਦੀ ਲੋੜ ਹੈ!"



**ਡਾ. ਸੁਜਾਤਾ ਐੱਚ. ਗੌਰਖੇੜੇ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

## ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

## ਸਾਨੂੰ ਐਕਸ ਤੇ ਫੌਲੋ ਕਰੋ

X
@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

## ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# +44 7878 456484

email:-Samajweekly@gmail.com